ੴ ਵਾਹਿਗੁਰੂ ਜੀ ਕੀ ਫਤਿਹ


ਮਾਸਿਕ ਪੱਤਰ

# ਸੂਰਾ

Sura Monthly

September 2001

Amritsar




## ਭਲੇ ਅਮਰਦਾਸ ਗੁਣ ਤੇਰੇ
## ਤੇਰੀ ਉਪਮਾ ਤੋਹਿ ਬਨਿ ਆਵੈ॥

www.AKJ.Org



'ਸਭ ਮਹਿ ਜੋਤਿ ਜੋਤਿ ਹੈ ਸੋਇ' ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Read SURA at internet : www.surainternational.com

ਜਿਲਦ 35 ਸਤੰਬਰ, 2001 ਅੰਕ 9

### ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| ਪਾਤ: 3 ਜੋਤੀ ਜੋਤ ਸਮਾਏ | 2 ਸਤੰਬਰ |
| ਬਰਸੀ ਬਾਬਾ ਬੁੱਢਾ ਜੀ | 5 ਸਤੰਬਰ |
| ਪਾਤ: 2 ਗੁਰਿਆਈ ਮਿਲੀ | 8 ਸਤੰਬਰ |
| ਪਾਤ: 1 ਜੋਤੀ ਜੋਤ ਸਮਾਏ | 13 ਸਤੰਬਰ |

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ (ਸਾਲਾਨਾ) | | 50 ਰੁਪਏ |
| ਅਮਾਨਤੀ ਲਾਈਫ਼ ਮੈਂਬਰ | | 500 ਰੁਪਏ |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 150 ਰੁ: | 500 ਰੁ: |
| ਅਮਾਨਤੀ ਲਾਈਫ਼ ਮੈਂਬਰ | 1500 ਰੁ: | 5000 ਰੁ: |

### ਚੰਦਾ ਭੇਜਣ ਦਾ ਪਤਾ

**ਸੂਰਾ ਮਾਸਿਕ ਪੱਤਰ**

ਹੈੱਡ ਕੁਆਰਟਰ :

**ਅਖੰਡ ਕੀਰਤਨੀ ਜੱਥਾ**

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ,

ਅੰਮ੍ਰਿਤਸਰ - 143001 ਫੋਨ : 546320

### ਤਤਕਰਾ

| | ਪੰਨਾ |
|---|---|
| ਮਹੀਨਾ ਅੱਸੂ | 2 |
| ਸ੍ਰੀ ਗੁਰੂ ਅਮਰਦਾਸ ਜੀ | 3 |
| ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ | 9 |
| ਰੰਗ-ਰੱਤੜੇ ਬਾਊ ਮੱਲ ਸਿੰਘ ਜੀ | 12 |
| ਅਦੁੱਤੀ ਸੰਜੋਗ | 15 |
| ਪੰਥ ਦੇ ਰੁਕਨ ਡਾ: ਸੁਰਿੰਦਰ ਸਿੰਘ ਜੀ | 18 |
| ਸਮਾਗਮ ਸਰਗਰਮੀਆਂ | 23 |
| ਸੁਖਮਨੀ ਦਾ ਨੂਰ | 24 |
| ਮੈਂ ਜਾ ਰਿਹਾ ਹਾਂ ਰਾਣੀ, ਤੁਸੀਂ ਮੇਰੇ ਰਤਨ ਨੂੰ ਸਿੱਖ ਬਨਾਉਣਾ | 30 |
| ਸਿੱਖ ਧਰਮ ਵਿਚ ਅਰਦਾਸ ਦੀ ਮਹਾਨਤਾ | 32 |
| ਖ਼ਬਰਨਾਮਾ | 36 |

'ਸੂਰਾ' ਮਾਸਿਕ ਪੱਤਰ ਪੰਜਾਬ ਸਰਕਾਰ ਦੇ ਪੱਤਰ ਨੰਬਰ 3/70-68-4 / ਅ.ਪ. ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ ।

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

12-I, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ, ਤੋਂ ਪ੍ਰਕਾਸ਼ਿਤ ਕਰਵਾ ਕੇ, ਬਲਦੇਵ ਸਿੰਘ ਸੰਪਾਦਕ, ਪ੍ਰਿੰਟਰ, ਪਬਲਿਸ਼ਰ ਨੇ ਅਖੰਡ ਕੀਰਤਨੀ ਜੱਥਾ ਦੇ ਹੈੱਡਕੁਆਰਟਰ, ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ ਬੀ-ਬਲਾਕ, ਅੰਮ੍ਰਿਤਸਰ ਤੋਂ ਜਾਰੀ ਕੀਤਾ ।

www.AKJ.Org

# ਅੱਸੂ

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨ ਡੋਲੇ ॥
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥

*ਪਦ-ਅਰਥ :* ਅਸੁਨਿ-ਅੱਸੂ ਮਹੀਨੇ ਵਿੱਚ । ਪਿਰਾ-ਹੇ ਪਤੀ ! ਸਾਧਨ- ਇਸਤ੍ਰੀ । ਝੂਰਿ-ਝੂਰ ਕੇ, ਹਾਹੁਕੇ ਲੈ ਕੇ । ਤਾ-ਤਦੋਂ ਹੀ। ਪ੍ਰਭ-ਹੇ ਪ੍ਰਭੂ ! ਮੇਲੇ-ਮੇਲੇਂ, ਜੇ ਤੂੰ ਆਪ ਮਿਲਾਏਂ । ਦੂਜੈ ਭਾਇ-ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੇ ਪਿਆਰ ਵਿੱਚ । ਖੁਈ-ਖੁੰਝ ਗਈ, ਜੀਵਨ ਦੇ ਸਹੀ ਰਸਤੇ ਤੋਂ ਕੁਰਾਹੇ ਪੈ ਗਈ । ਵਿਗੁਤੀ-ਖੁਆਰ ਹੋਈ । ਮੁਤੀ-ਛੱਡੀ ਹੋਈ, ਛੁੱਟੜ । ਪਿਰ-ਹੇ ਪਤੀ ! ਕੁਕਹ ਕਾਹ-ਪਿਲਛੀ ਤੇ ਕਾਹੀ (ਨੋਟ : ਅੱਸੂ ਦੀ ਰੁੱਤੇ ਦਰਿਆਵਾਂ-ਕੰਢੇ ਉੱਗੀ ਹੋਈ ਕਾਹੀ ਨੂੰ ਬੂਰ ਪੈਂਦਾ ਹੈ । ਪਿਲਛੀ ਤੇ ਕਾਹੀ ਦਾ ਫੁੱਲਣਾ ਬੁਢੇਪੇ ਨੂੰ ਅੱਖਾਂ ਅੱਗੇ ਲਿਆ ਕੇ ਉਦਾਸੀ ਪੈਦਾ ਕਰਦਾ ਹੈ) ਆਗੈ-ਅੱਗੇ ਲੰਘ ਗਈ ਹੈ । ਘਾਮ-ਤਪਸ਼, ਘੁੰਮਾ, ਗਰਮੀ (ਭਾਵ; ਸਰੀਰਕ ਨਿੱਘ, ਤਾਕਤ) । ਪਿਛੈ-ਉਸ ਘਾਮ ਦੇ ਪਿਛੇ ਪਿਛੇ । ਜਾਡਾ-ਸਿਆਲ (ਭਾਵ, ਕਮਜ਼ੋਰੀ) । ਸਹਿਜ-ਅਡੋਲਤਾ ਵਿੱਚ । ਬਸੀਠਾ-ਵਕੀਲ, ਵਿਚੋਲਾ ।

*ਅਰਥ :* (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ 'ਤੇ ਅੱਸੂ (ਦੀ ਮਿੱਠੀ ਰੁੱਤ) ਵਿਚ (ਇਸਤ੍ਰੀ ਦੇ ਦਿਲ ਵਿੱਚ ਪਤੀ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ । ਤਿਵੇਂ ਜਿਸ ਜੀਵ-ਇਸਤ੍ਰੀ ਨੇ ਪ੍ਰਭੂ-ਪਤੀ ਦੇ ਵਿਛੋੜੇ ਵਿੱਚ ਕਾਮਾਦਿਕ ਵੈਰੀਆਂ ਦੇ ਹੱਲਿਆਂ ਦੇ ਦੁੱਖ ਵੇਖ ਲਏ ਹਨ, ਉਹ ਅਰਦਾਸ ਕਰਦੀ ਹੈ) ਹੇ ਪ੍ਰਭੂ ਪਤੀ ! ਮੇਰੇ ਹਿਰਦੇ ਵਿੱਚ ਆ ਵੱਸ, (ਤੈਥੋਂ ਵਿਛੜ ਕੇ) ਮੈਂ ਹਾਹੁਕੇ ਲੈ ਲੈ ਔਝੜੇ ਪਈ ਹੋਈ ਹਾਂ । ਹੇ ਪ੍ਰਭ ! ਤੈਨੂੰ ਤਦੋਂ ਹੀ ਮਿਲ ਸਕੀਦਾ ਹੈ ਜੇ ਤੂੰ ਆਪ ਮਿਲਾਏਂ ।

(ਜਦੋਂ ਤੋਂ) ਦੁਨੀਆਂ ਦੇ ਝੂਠੇ ਮੋਹ ਵਿੱਚ ਫਸ ਕੇ ਮੈਂ ਖ਼ੁਆਰ ਹੋ ਰਹੀ ਹਾਂ, ਤਦੋਂ ਤੋਂ, ਹੇ ਪਤੀ ! ਤੈਥੋਂ ਵਿਛੜੀ ਹੋਈ ਹਾਂ । ਪਿਲਛੀ ਤੇ ਕਾਹੀ (ਦੇ ਸਫੈਦ ਬੂਰ ਵਾਂਗ ਮੇਰੇ ਕੇਸ) ਚਿੱਟੇ ਹੋ ਗਏ ਹਨ, (ਮੇਰੇ ਸਰੀਰ ਦਾ) ਨਿੱਘ ਅਗਾਂਹ ਲੰਘ ਗਿਆ ਹੈ (ਘਟ ਗਿਆ ਹੈ), ਉਸ ਦੇ ਪਿਛੇ ਪਿਛੇ ਸਰੀਰਕ ਕਮਜ਼ੋਰੀ ਆ ਰਹੀ ਹੈ । ਇਹ ਤਮਾਸ਼ਾ ਵੇਖ ਕੇ ਮੇਰਾ ਮਨ ਘਬਰਾ ਰਿਹਾ ਹੈ (ਕਿਉਂਕਿ ਅਜੇ ਤੱਕ ਤੇਰਾ ਦੀਦਾਰ ਨਹੀਂ ਹੋ ਸਕਿਆ) ।(ਕਾਹੀ ਪਿਲਛੀ ਦਾ ਹਾਲ ਵੇਖ ਕੇ ਤਾਂ ਮਨ ਡੋਲਦਾ ਹੈ, ਪਰ) ਹਰ ਪਾਸੇ (ਬਨਸਪਤੀਆਂ ਦੀਆਂ) ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਵੇਖ ਕੇ (ਇਹ ਧੀਰਜ ਆਉਂਦੀ ਹੈ ਕਿ) ਅਡੋਲ ਅਵਸਥਾ ਵਿੱਚ (ਜਿਹੜਾ ਜੀਵ) ਦ੍ਰਿੜ੍ਹ ਰਹਿੰਦਾ ਹੈ, ਉਸੇ ਨੂੰ ਪ੍ਰਭੂ-ਮਿਲਾਪ ਦੀ ਮਿਠਾਸ (ਖੁਸ਼ੀ) ਮਿਲਦੀ ਹੈ । ਹੇ ਨਾਨਕ ! ਅੱਸੂ (ਦੀ ਮਿੱਠੀ ਰੁੱਤ) ਵਿੱਚ ਤੂੰ ਭੀ ਅਰਦਾਸ ਕਰ (ਤੇ ਆਖ--) ਹੇ ਪਿਆਰੇ ਪ੍ਰਭੂ ! (ਮਿਹਰ ਕਰ) ਗੁਰੂ ਦੀ ਰਾਹੀਂ ਮੈਨੂੰ ਮਿਲ ।੧੧।

*ਭਾਵ :* ਜਿਹੜਾ ਮਨੁੱਖ ਦੁਨੀਆਂ ਦੇ ਝੂਠੇ ਮੋਹ ਵਿੱਚ ਫਸ ਜਾਂਦਾ ਹੈ, ਉਹ ਪ੍ਰਮਾਤਮਾ ਦੇ ਚਰਨਾਂ ਤੋਂ ਵਿਛੜਿਆ ਰਹਿੰਦਾ ਹੈ । ਪਰ ਜਿਹੜਾ ਮਨੁੱਖ ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਮਾਇਆ ਦੇ ਮੋਹ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ ਤੇ ਉਸ ਨੂੰ ਪ੍ਰਭੂ-ਮਿਲਾਪ ਦਾ ਅਨੰਦ ਪ੍ਰਾਪਤ ਹੁੰਦਾ ਹੈ ।

*(ਵਿਆਖਿਆ - ਪ੍ਰੋ: ਸਾਹਿਬ ਸਿੰਘ ਜੀ)*

www.AKJ.Org

# ਸ੍ਰੀ ਗੁਰੂ ਅਮਰਦਾਸ ਜੀ

ਪ੍ਰੋਫੈਸਰ ਡਾ: ਹਰਨਾਮ ਸਿੰਘ ਸ਼ਾਨ

ਕੌਣ ਜਾਣਦਾ ਸੀ ਕਿ ਦਹਾਕਿਆਂ-ਬੱਧੀ ਖੇਤੀ ਤੇ ਵਣਜ-ਵਪਾਰ ਵਿੱਚ ਗ੍ਰੱਸੇ ਰਹੇ ਸ੍ਰੀ ਗੁਰੂ ਅਮਰਦਾਸ ਜੀ, ਬੁੱਢੇ ਵਾਰੇ ਸੇਵਾ ਤੇ ਸਿਮਰਨ ਦੇ ਪੁੰਜ, ਗੁਣਾਂ ਦੀ ਖਾਣ ਅਤੇ ਮਿਹਰਾਂ ਦੇ ਮਹਾਨ ਦਾਤਾ ਵੀ ਬਣ ਜਾਣਗੇ । ਉਦੋਂ ਤਾਂ ਕਿਸੇ ਨੂੰ ਇਸ ਗੱਲ ਦਾ ਖ਼ਾਬ-ਖ਼ਿਆਲ ਵੀ ਨਹੀਂ ਸੀ ਕਿ ਉਹ ਆਪਣੇ ਜੀਵਨ ਦੇ ਅੰਤਲੇ ਦੋ ਦਹਾਕਿਆਂ ਵਿੱਚ ਇੰਨੇ ਤੇ ਅਜਿਹੇ ਮਹਾਂ ਪੁਰਸ਼ ਬਣ ਜਾਣਗੇ ਕਿ ਸਮਕਾਲੀ ਕਵੀ ਤੇ ਵਿਦਵਾਨ ਉਨ੍ਹਾਂ ਦੀ ਅੱਖੀਂ-ਡਿੱਠੀ ਤੇ ਕੰਨੀਂ ਸੁਣੀ ਸੋਭਾ ਦੱਸਦਿਆਂ ਅਤੇ ਮਹਿਮਾ ਗਾਉਂਦਿਆਂ, ਉਦੋਂ ਤੇ ਮਗਰੋਂ ਇਹ ਕੁਝ ਲਿਖਣ ਵਿੱਚ ਆਪਣਾ ਅਤੇ ਆਪਣੇ ਸਮੇਂ 'ਤੇ ਸਥਿਤੀ ਦਾ ਮਾਣ ਸਮਝਣਗੇ :

*੧. ਸਤਿਗੁਰੂ ਹੋਆ ਸਤਿਗੁਰਹੁ, ਅਚਰਜ ਅਮਰ ਅਮਰਿ ਵਰਤਾਇਆ ॥ (ਵਾਰ ੨੪/੧੨)*

*੨. ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ*
*ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥ (ਪੰਨਾ ੯੬੮)*

*੩. ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ॥ (ਪੰਨਾ ੧੩੯੬)*

ਇਹ ਉਦੋਂ ਕਿਸ ਨੂੰ ਪਤਾ ਸੀ ਕਿ ਆਪਣੇ ਮਹਾਨ ਇਸ਼ਟ, ਗੁਰੂ ਅੰਗਦ ਦੇਵ ਜੀ (੧੫੦੪-੧੫੫੧ਈ.), ਦੀ ਨਿਰਮਾਣ ਤੇ ਨਿਰੰਤਰ ਸੇਵਾ ਕਰਦਿਆਂ, ਜਦੋਂ ਕੋਈ ਅਨਜਾਣ ਜੁਲਾਹੀ, ਅਭੋਲ ਹੀ ਉਨ੍ਹਾਂ ਨੂੰ 'ਅਮਰੂ ਨਿਥਾਵਾਂ' ਕਹਿ ਕੇ ਪੁਕਾਰੇਗੀ, ਤਾਂ ਉਹ ਉਨ੍ਹਾਂ ਦੀ ਪ੍ਰੇਮਾ-ਭਗਤੀ, ਕਠਿਨ ਘਾਲ ਤੇ ਸਰਬਾਂਗੀ ਯੋਗਤਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਕੇਵਲ ਗੁਰੂ ਨਾਨਕ ਦੇਵ ਜੀ (੧੪੬੯-੧੫੩੯ ਈ.) ਦੀ ਪਾਵਨ ਗੱਦੀ ਹੀ ਸੌਂਪ ਦੇਣਗੇ, ਸਗੋਂ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਤਣਿਆਂ ਦਾ ਤਾਣ ਤੇ ਨਿਮਾਣਿਆਂ ਦਾ ਮਾਣ...ਹੋਣ ਦੇ ਸੁਭਾਗੇ ਬਚਨਾਂ ਨਾਲ ਵੀ ਨਿਵਾਜ ਦੇਣਗੇ । ਅਜਿਹੇ ਗੁਣਾਂ ਨਾਲ ਜਿਨ੍ਹਾਂ ਨੂੰ ਮੁੱਖ ਰੱਖਦਿਆਂ ਅਤੇ ਜਿੰਨ੍ਹਾਂ ਦੀ ਧਾਰਨੀ ਸ਼ਖ਼ਸੀਅਤ ਨੂੰ ਇਕ ਉਪਕਾਰੀ ਤੇ ਘਣ-ਛਾਵੇਂ ਰੁੱਖ ਨਾਲ ਤੁਲਨਾਉਂਦਿਆਂ, ਮਹਾਂ ਕਵੀ ਭਾਈ ਸੰਤੋਖ ਸਿੰਘ ਪਿੱਛੋਂ ਲਿਖਣਗੇ :

*ਪ੍ਰੇਮ ਤਰੋਵਰ ਉਰ ਕੇ ਮਾਂਹੀ, ਸ਼ਰਧਾ ਆਲਬਾਲ ਹੈ ਜਾਂਹੀ ।*
*ਗੁਰ ਆਇਸ ਕੇ ਨਿਤਿ ਅਨੁਸਾਰੀ, ਯਹੀ ਸੰਚਿਬੇ ਕੋ ਬਰ ਬਾਰੀ ।*
*ਨਿਸ ਦਿਨ ਚਿਤਵਨ ਬਲਕਲ ਅਹੈ, ਦ੍ਰਿੜ੍ਹ ਜੜ ਸਦਾ ਭਗਤਿ ਮਮਿ ਰਹੈ ।*
*ਸਤਿ ਸੰਤੋਖ ਆਦਿ ਗੁਨ ਸਾਰੇ, ਚੰਹੂ ਦਿਸ਼ਨ ਬਿਸਤਰਤਿ ਸੁ ਡਾਰੇ ।*
*ਆਤਮ ਗਯਾਨ ਮਹਾਂ ਫਲ ਲਾਗੇ, ਰਸ ਅਨੰਦ ਪ੍ਰਾਪਤਿ ਬਡਭਾਗੇ ।*
*ਅਸ ਤਰੁ ਪ੍ਰੇਮ ਬਰਧਬੋ ਭਾਉ, ਉਰ ਸ੍ਰੀ ਅਮਰ ਅਚਲ ਬਰ ਥਾਂਉ ।*

*(ਰਾਸ ੧, ਅੰਸੂ ੧੧, ਬੰਦ ਨੰ: ੩੭-੩੮)*



www.AKJ.Org

ਇਹ ਵੀ ਉਦੋਂ ਕੌਣ ਕਹਿ ਸਕਦਾ ਸੀ ਕਿ ਵਰ੍ਹਿਆਂ-ਬੱਧੀ ਵੈਸ਼ਨਵ ਮੱਤ ਦੇ ਪੱਕੇ ਅਨੁਯਾਈ ਤੇ ਨਿਰੰਤਰ ਤੀਰਥ-ਯਾਤਰੀ ਅਤੇ ਮਗਰੋਂ ਗੁਰੂ-ਘਰ ਦੇ ਇਕ ਨਿਮਾਣੇ ਜਿਹੇ ਸੇਵਕ ਬਣੇ ਰਹੇ ਇਹੋ ਅਮਰਦਾਸ, ਬਣਦਿਆਂ ਹੀ ਸਿੱਖ ਧਰਮ ਦੀ ਉੱਨਤੀ ਤੇ ਉਸਾਰੀ ਲਈ ਅਜਿਹੇ ਨਿੱਗਰ ਤੇ ਉਸਾਰੂ ਕੰਮ ਕਰ ਦੇਣਗੇ ਕਿ ਜਿੰਨ੍ਹਾਂ ਨੂੰ ਮੁੱਖ ਰੱਖਦਿਆਂ, ਆਉਂਦੇ ਸਮੇਂ ਦੇ ਇਤਿਹਾਸਕਾਰ ਉਨ੍ਹਾਂ ਨੂੰ ਸਿੱਖੀ ਦਾ ਇਕ ਮਹਾਨ ਉਸਰੱਈਆ ਦੱਸਦਿਆਂ ਪ੍ਰੋ: ਬੈਨਰਜੀ ਦੇ ਲਫ਼ਜ਼ਾਂ ਵਿੱਚ, ਇਹ ਵੀ ਮੰਨਣਗੇ ਕਿ There can be little doubt that Sikhism made a considerable headway during the pontificate of Amar Das.... It may thus be regarded as a turning point in the history of Sikhism in more ways than one. ਅਰਥਾਤ *ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਧਰਮ ਨੇ ਗੁਰੂ ਅਮਰਦਾਸ ਜੀ ਦੀ ਗੁਰਿਆਈ ਸਮੇਂ ਚੋਖੀ ਤਰੱਕੀ ਕੀਤੀ ਸੀ । ਇਸ ਲਈ ਉਸ ਸਮੇਂ ਨੂੰ ਸਿੱਖ ਇਤਿਹਾਸ ਦਾ ਕਈ ਪੱਖਾਂ ਤੋਂ ਇਕ ਅਹਿਮ ਮੋੜ ਸਮਝਿਆ ਜਾ ਸਕਦਾ ਹੈ ।*

ਅਜਿਹੀ ਮਹਾਨ ਪਦਵੀ ਤੇ ਅਨੂਠੇ ਵਚਨਾਂ ਦੀ ਪ੍ਰਾਪਤੀ ਸਮੇਂ, ਸੰਨ ੧੫੫੨ ਵਿੱਚ ਗੁਰੂ ਅਮਰਦਾਸ ਜੀ ਆਪਣੀ ਉਮਰ ਦੇ ਤਿਹੱਤਰਵੇਂ ਵਰ੍ਹੇ ਵਿੱਚ ਵਿਚਰ ਰਹੇ ਸਨ । ਉਹ ਪਚਾਨਵੇਂ ਵਰ੍ਹਿਆਂ ਦੀ ਉਮਰ ਵਿੱਚ ਜੋਤੀ ਜੋਤਿ ਸਮਾਏ ਸਨ । ਇੰਨੀ ਵਡੇਰੀ ਉਮਰ ਵਿੱਚ ਵਿਚਰਦਿਆਂ ਉਨ੍ਹਾਂ ਨੇ ਲੋਕ-ਭਲਾਈ ਲਈ ਜੋ ਸ਼ੁਭ ਕਾਰਜ ਆਰੰਭੇ ਅਤੇ ਕਈ ਔਕੜਾਂ ਦੇ ਬਾਵਜੂਦ ਨੇਪਰੇ ਚੜ੍ਹਾਏ, ਉਨ੍ਹਾਂ ਦਾ ਖ਼ਿਆਲ ਹੀ ਸਾਧਾਰਨ ਮਨੁੱਖ ਨੂੰ ਸੋਚੀਂ ਪਾ ਦਿੰਦਾ ਹੈ । ਅਜਿਹੇ ਬਿਖੜੇ ਹਾਲਾਤ ਵਿਚੋਂ ਲੰਘਦਿਆਂ ਬਾਈ ਕੁ ਵਰ੍ਹਿਆਂ ਦੀ ਗੁਰਿਆਈ ਦੌਰਾਨ ਉਨ੍ਹਾਂ ਨੇ ਦੇਸ਼, ਕੌਮ ਤੇ ਮਨੁੱਖਤਾ ਦੀ ਜੋ ਨਿੱਗਰ ਤੇ ਉਸਾਰੂ ਸੇਵਾ ਕੀਤੀ, ਗੁਰਸਿੱਖੀ ਤੇ ਆਮ ਲੋਕਾਈ ਨੂੰ ਜਿੰਨ੍ਹਾਂ ਬਹੁ-ਪੱਖੀ ਤੇ ਯਾਦਗਾਰੀ ਦੇਣਾਂ ਨਾਲ ਨਿਵਾਜਿਆ, ਉਹ ਵੀ ਬਹੁਤ ਹੱਦ ਤੱਕ, ਆਪਣੀ ਮਿਸਾਲ ਆਪ ਹੀ ਹਨ । ਜਿਥੋਂ ਤੱਕ ਇਸ ਦੇਣ ਦੇ ਸਦਾਚਾਰਕ, ਧਾਰਮਿਕ ਪੱਖ ਦਾ ਸਬੰਧ ਹੈ, ਸਮਕਾਲੀ ਭੱਟ, ਸੱਤਾ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਸਹਿਜ ਦੇ ਸੂਚਕ ਘੋੜੇ ਉਤੇ ਜਤ ਦੀ ਲਖਾਇਕ ਕਾਠੀ ਪਾ ਕੇ, ਸੱਚ ਰੂਪੀ ਕਮਾਨ ਰਾਹੀਂ ਹਰੀ-ਜੱਸ ਦੇ ਅਜਿਹੇ ਤੀਰ ਚਲਾਏ ਜਿਨ੍ਹਾਂ ਨੇ ਹਜ਼ਾਰਾਂ ਪ੍ਰਾਣੀਆਂ ਦੇ ਜੀਵਨ ਉਚਿਆ ਕੇ, ਉਨ੍ਹਾਂ ਨੂੰ ਪ੍ਰਭੂ ਦੀ ਸ਼ਰਨ ਲਾ ਦਿੱਤਾ ਸੀ :

*ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥*
*ਧਨੁਖ ਚੜਾਇਓ ਸਤ ਦਾ ਜਸ ਹੰਦਾ ਬਾਣੁ ॥*

*(ਪੰਨਾ ੯੬੮)*

ਅਜਿਹੇ ਜਗਿਆਸੂਆਂ ਨੂੰ ਸੰਬੋਧਨ ਕਰਦਿਆਂ ਅਤੇ ਆਤਮਕ ਸੁਖ ਤੇ ਅਨੰਦ ਦੀ ਪ੍ਰਾਪਤੀ ਦਾ ਰਾਹ ਦੱਸਦਿਆਂ ਇਹ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਸੀ :

*ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥*
*ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥*

*(ਪੰਨਾ ੯੨੨)*

ਹਉਮੈ, ਦੁਬਿਧਾ, ਆਪਾ-ਧਾਪੀ, ਦੁੱਖਾਂ-ਭੁੱਖਾਂ ਤੇ ਵਿਸ਼ੇ ਵਿਕਾਰਾਂ ਦੀ ਅੱਗ ਵਿੱਚ ਸੜ ਰਹੀ ਦੁਨੀਆਂ ਦੀ ਪੀੜਾ ਨੂੰ ਦਿਲੋਂ ਮਹਿਸੂਸ ਕਰਦਿਆਂ, ਉਸ ਦੇ ਨਿਸਤਾਰੇ ਲਈ ਰੱਬੀ ਦਰਗਾਹ ਵਿੱਚ ਦਿਲ-ਵਿੰਨਵੀਂ ਅਰਜ਼ੋਈ ਕਰਦਿਆਂ ਅਤੇ ਆਪਣੇ ਕੋਮਲ ਚਿਤ ਤੇ ਵਿਸ਼ਾਲ ਹਿਰਦੇ ਵਿੱਚੋਂ ਹੇਠ-ਲਿਖੀ ਸਰੋਦੀ ਹੂਕ (Lyrical cry) ਕਢਦਿਆਂ ਇਹ ਵੀ ਆਪ ਨੇ ਹੀ ਲਿਖਿਆ ਸੀ:



www.AKJ.Org

ਰੱਬ ਜੀ, ਇਹ ਅੱਗ ਬੁਝਾ ਦਿਉ, ਮੈਂ ਨਹੀਂ ਕਹਿੰਦਾ ਕਿ ਇਹ ਮੇਰੇ ਸੁੱਟੇ ਹੋਏ ਪਾਣੀ ਨਾਲ ਹੀ ਬੁਝੇ । ਮੈਂ ਤਾਂ ਇਹੋ ਅਰਜ਼ ਕਰਦਾ ਹਾਂ ਕਿ ਜਿਵੇਂ ਕਿਵੇਂ ਬੁਝ ਸਕਦੀ ਹੈ, ਆਪਣੀ ਅਪਾਰ ਮਿਹਰ ਸਦਕੇ, ਇਸ ਨੂੰ ਬੁਝਾ ਕੇ ਜਗਤ ਵਿੱਚ ਠੰਢ ਵਰਤਾ ਦਿਉ :

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*

*(ਪੰਨਾ ੮੫੩)*

ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੀ ਉੱਨਤੀ, ਉਸਾਰੀ ਅਤੇ ਇਸ ਦੀ ਅਜ਼ਾਦ ਹਸਤੀ ਦੀ ਬਰਕਰਾਰੀ ਲਈ ਵੀ ਬੜੀ ਭਰਵੀਂ, ਮਿਸਾਲੀ ਤੇ ਯਾਦਗਾਰੀ ਘਾਲ ਘਾਲੀ । ਬਾਬਾ ਸਰੂਪ ਦਾਸ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਅਜਿਹੀ ਨਿੱਗਰ ਤੇ ਉਸਾਰੂ ਸੇਵਾ ਕਰਨ ਦੀ ਤਾਕੀਦ ਗੁਰੂ-ਪਿਤਾ, ਗੁਰੂ ਅੰਗਦ ਦੇਵ, ਖੁਦ ਕਰ ਗਏ ਸਨ :

> ਤਬ ਬਚਨ ਹੂਆ ਜੋ ਪੁਰਖਾ : ਚਉਰਾਸੀ ਤੁਮਰੇ ਹਾਥ ਮੋ ਹੈ, ਔਰ ਵਾਹਿਗੁਰੂ ਕਾ ਮੰਤ੍ਰ ਆਪਣੇ ਮੁਖ ਰਖ ਕੇ ਚਉਰਾਸੀ ਕਉ ਜਪਾਈਐ । ਸੋ ਬਾਬੇ ਆਗਿਆ ਹੈ ਪਾਰਬ੍ਰਹਮ ਦਾ ਪੰਥ ਕਰਨਾ ਹੈ, ਤੁਸਾਡੇ ਪਾਸੋਂ ਹੋਵੇਗਾ । *(ਮਹਿਮਾ ਪ੍ਰਕਾਸ਼ ਵਾਰਤਕ ਸਾਖੀਆਂ ਪਾਤਸ਼ਾਹੀ ਤੀਜੀ ਪੰਨਾ ੩੮/੨)*

ਭਾਈ ਵੀਰ ਸਿੰਘ ਅਨੁਸਾਰ ਵੀ ***ਸਤਿਗੁਰਾਂ ਨੇ ਆਪ ਨੂੰ ਆਗਿਆ ਕੀਤੀ ਸੀ ਕਿ ਪਾਰਬ੍ਰਹਮ ਦਾ ਪੰਥ ਚਲਾਈ ਚਲਣਾ ਹੈ; ਜਗਤ ਦੇ ਜੀਵਾਂ ਨੂੰ ਪਰਮੇਸ਼ਰ ਦਾ ਉਪਦੇਸ਼ ਕਰਨਾ ਹੈ*** । *(ਸ੍ਰੀ ਅਸਟ ਗੁਰ ਚਮਤਕਾਰਭਾਗ ਪਹਿਲਾ ਪੰਨਾ ੧੪੪)* ਤਦੇ ਤਾਂ, ਉਨ੍ਹਾਂ ਨੇ ਗੁਰਤਾ ਪ੍ਰਾਪਤ ਹੁੰਦਿਆਂ ਹੀ, ਭਾਈ ਗੁਰਦਾਸ ਜੀ ਦੇ ਲਫਜ਼ਾ ਵਿੱਚ, ਗੁਰ-ਸ਼ਬਦ ਦਾ ਖ਼ਜ਼ਾਨਾ ਖੋਹਲ ਦਿੱਤਾ, ਜ਼ਾਤ-ਪਾਤ ਦੀ ਤਮੀਜ਼ ਮਿਟਾ ਦਿੱਤੀ, 'ਮਾਇਆ ਵਿੱਚ ਉਦਾਸ' ਤੇ ਜੀਵਨ ਸੰਤੁਲਿਤ ਰਹਿਣ ਦੀ ਜਾਚ ਸਿਖਾਉਂਦਿਆਂ, ਸੱਚੇ-ਸੁੱਚੇ ਧਰਮ ਦੇ ਪ੍ਰਬੰਧ ਨੂੰ ਸੰਪੂਰਨ ਰੂਪ ਦੇ ਦਿੱਤਾ ਸੀ :

*ਖੋਲਿ ਖਜਾਨਾ ਸਬਦੁ ਦਾ, ਸਾਧਸੰਗਤਿ ਸਚੁ ਮੇਲਿ ਮਿਲਾਇਆ ।*
*ਗੁਰ ਚੇਲਾ ਪਰਵਾਣੁ ਕਰਿ, ਚਾਰਿ ਵਰਨ ਲੈ ਪੈਰੀ ਪਾਇਆ ।*
*ਗੁਰਮੁਖਿ ਇਕੁ ਧਿਆਈਐ, ਦੁਰਮਤਿ ਦੂਜਾ ਭਾਉ ਮਿਟਾਇਆ ।*
*ਕੁਲਾ ਧਰਮ ਗੁਰਸਿਖ ਸਭ, ਮਾਇਆ ਵਿਚਿ ਉਦਾਸੁ ਰਹਾਇਆ ।*
*ਪੂਰੇ ਪੂਰਾ ਥਾਟੁ ਬਣਾਇਆ ॥* *(ਵਾਰ ੨੪ਵੀਂ, ਪਉੜੀ ਨੰ: ੧੨)*

ਸੋ, ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਗੁਰੂ ਅਮਰਦਾਸ ਸਿੱਖ ਸਿਧਾਂਤ ਦੀ ਪਹਿਲੀ ਭਰਵੀਂ ਤੇ ਭਰੋਸੇਯੋਗ ਵਿਆਖਿਆ ਅਤੇ ਸਿੱਖ ਕੌਮ ਦੀ ਵਿਗਿਆਨਕ ਵਿਉਂਤ-ਬੰਦੀ ਤੇ ਨਿਯਮਤ ਜਥੇਬੰਦੀ ਦੇ ਮਹਾਨ ਮੋਢੀ ਸਨ । ਸਿੱਖ ਸੰਸਥਾਵਾਂ ਦੇ ਵਿਕਾਸ ਅਤੇ ਸਿੱਖੀ ਦੇ ਧੁਰੇ ਦੀ ਸਥਾਪਨਾ ਲਈ ਵੀ ਆਪ ਨੇ ਮੋਢੀ ਉਸਰੱਈਆਂ ਵਰਗਾ ਕੰਮ ਕੀਤਾ ।

੩

ਸਿੱਖ ਪਾਤਸ਼ਾਹਿਤ ਦਾ ਜੋ ਮੁਢਲਾ ਕੇਂਦਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਰਾਵੀ) ਕਾਇਮ ਕੀਤਾ ਸੀ, ਉਹ ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਬਦਲ ਆਇਆ ਸੀ । ਗੁਰੂ ਅਮਰਦਾਸ ਇਸੇ ਨੂੰ ਫਿਰ, ਹੇਠ-ਲਿਖੇ ਅਨੁਸਾਰ, ਗੋਇੰਦਵਾਲ ਲੈ ਆਏ ਸਨ :


www.AKJ.Org

*ਲਹਣੇ ਪਾਈ ਨਾਨਕੋ, ਦੇਣੀ ਅਮਰਦਾਸਿ ਘਰਿ ਆਈ ।*
*ਫੇਰਿ ਵਸਾਇਆ ਗੋਇੰਦਵਾਲੁ, ਅਚਰਜੁ ਖੇਲੁ ਲਖਿਆ ਜਾਈ ।*
*(ਭਾਈ ਗੁਰਦਾਸ ਜੀ ਵਾਰ ੧, ਪਉੜੀ ਨੰ: ੪੬)*

ਗੋਇੰਦਵਾਲ ਦੀ ਅਜਿਹੀ ਕੇਂਦਰੀ ਸਥਾਪਨਾ ਨਾਲ, ਸਿੱਖ ਧਰਮ ਨੂੰ ਇਕ ਉੱਘਾ ਤੇ ਅਹਿਮ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ ਸੀ । ਇਸ ਦੇ ਪ੍ਰਚਾਰ, ਸੰਪਰਕ ਤੇ ਸੰਗਠਨ ਵਿੱਚ ਵੀ, ਇਸ ਨਗਰ ਨੇ ਫਿਰ ਬੜਾ ਲਾਭਦਾਇਕ ਤੇ ਮਹੱਤਵਪੂਰਨ ਹਿੱਸਾ ਪਾਇਆ; ਅਤੇ ਛੇਤੀ ਹੀ *ਸਿੱਖੀ ਦਾ ਧੁਰਾ* ਉਸ ਸਮੇਂ ਅਖਵਾਇਆ । ਇਸੇ ਗੋਇੰਦਵਾਲ ਵਿੱਚ, ੧੫੫੯ ਈ: ਨੂੰ ਉਨ੍ਹਾਂ ਨੇ, ਹੇਠ ਲਿਖੇ ਅਨੁਸਾਰ, ਲੋਕਾਂ ਦੇ ਹਿੱਤਾਂ ਤੇ ਲੋੜਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਹੀ ਸਿਦਕ ਤੇ ਹਿੰਮਤ ਰਾਹੀਂ; ਇਕ ਅਜਿਹੀ ਅਨੂਠੀ ਬਾਉਲੀ ਤਿਆਰ ਕਰਵਾ ਦਿੱਤੀ Which marked a very important steep in the history of Sikhism. *(Evolution of the Khalsa P. 170)* ਜਿਸਦੀਉਸਾਰੀ ਸਿੱਖੀ ਦੇ ਇਤਿਹਾਸ ਵਿੱਚ ਇਕ ਅਹਿਮ ਕਦਮ ਤੇ ਕਾਰਵਾਈ ਦੀ ਸੂਚਕ ਸਿੱਧ ਹੋਈ । ਤਦੇ ਹੀ ਤਾਂ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ :

*ਧਰਮ ਧੁਰੰਧਰ ਅਮਰ ਗੁਰ, ਸਦਾ, ਚਹਿਤ ਉਪਕਾਰ ।*
*ਰਚਿਬੇ ਤੀਰਥ ਬਾਵਲੀ, ਸਿਖਯਨ ਹੇਤ ਉਧਾਰ । (ਸੂਰਜ ਪ੍ਰਕਾਸ਼ ਰਾਸ ੧, ਅੰਸੂ ੫੧)*

ਗੁਰੂ ਸਾਹਿਬ ਨੇ ਹਰ ਪ੍ਰਾਣੀ-ਮਾਤਰ ਲਈ ਇੱਕੋ ਥਾਂ ਨ੍ਹਾਉਣ ਤੇ ਇੱਕੋ ਤਾਂ ਦਾ ਪਾਣੀ ਪੀਣ ਪਿਆਉਣ ਲਈ ਅਜਿਹੀ ਥਾਂ ਬਣਾ ਕੇ, ਉਸ ਨਾਲ ਇਕ ਅਜਿਹੀ ਮਰਿਯਾਦਾ ਵੀ ਕਾਇਮ ਕਰ ਦਿੱਤੀ ਜਿਸਨੇ ਭਾਰਤੀ ਸਮਾਜ ਵਿੱਚ ਪ੍ਰਚੱਲਿਤ ਸੁੱਚ-ਭਿੱਟ ਦੀ ਤਮੀਜ਼ ਤੇ ਛੂਤ-ਛਾਤ ਦੀ ਬਿਰਤੀ ਉਤੇ ਇੱਕ ਕਰਾਰੀ ਤੇ ਯਾਦਗਾਰੀ ਸੱਟ ਲਾਈ। ਇਸ ਦੇ ਨਾਲ ਹੀ, ਸ਼ਬਦ ਦੀ ਮਹਿਮਾ ਤੇ ਹਰਿ-ਸਿਮਰਨ ਦੀ ਪ੍ਰਥਾ ਜੋੜ ਕੇ, ਤੀਰਥ-ਯਾਤਰਾ ਦਾ ਤਸੱਵਰ ਵੀ ਬਦਲ ਦਿੱਤਾ :

*ਸਾਸਤੁ ਬੇਦੁ ਸਿੰਮ੍ਰਿਤੁ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥ (ਪੰਨਾ ੪੨੨)*

ਅਰਥਾਤ, ਤੇਰਾ ਨਾਮ ਸਰੋਵਰ ਹੀ ਸ਼ਾਸਤਰ, ਵੇਦ ਤੇ ਸਿਮ੍ਰਿਤੀਆਂ ਹਨ; ਅਤੇ ਗੰਗਾ ਤੇਰੇ ਚਰਨਾਂ ਵਿੱਚ ਸਮਾ ਰਹੀ ਹੈ; ਭਾਵ ਤੇਰੇ ਨਾਮ ਵਿੱਚ ਸਭ ਧਾਰਮਕ ਵੇਦ ਆ ਜਾਂਦੇ ਹਨ; ਤੇਰੇ ਚਰਨਾ ਵਿੱਚ ਸਾਰੇ ਤੀਰਥ ਆ ਜਾਂਦੇ ਹਨ । ਜਿਸ ਨੇ ਨਾਮ ਜਪਿਆ, ਉਸਦੇ ਭਾਣੇ ਸਾਰੇ ਗ੍ਰੰਥ ਪੜ੍ਹੇ ਗਏ, ਜਿਸ ਨੇ ਤੇਰੇ ਚਰਨ ਸੇਵੇ, ਤੇਰੀ ਸ਼ਰਨ ਲਈ, ਉਸ ਨੇ ਤੀਰਥ ਯਾਤਰਾ ਕਰ ਲਈ । ਇਸੇ ਗੋਇੰਦਵਾਲ ਵਿੱਚ ਪ੍ਰੇਮਾ-ਭਗਤੀ, ਸੇਵਾ ਤੇ ਸਿਮਰਨ ਦਾ ਵੀ ਅਜਿਹਾ ਪ੍ਰਵਾਹ ਚਲਿਆ ਕਿ ਗੁਰੂ-ਸਮਕਾਲੀ ਭੱਟ, ਨੁਲ ਜੀ ਨੇ ਇਸ ਨੂੰ ਦਰਿਆ ਬਿਆਸ ਦੇ ਕੰਢੇ ਬੈਕੁੰਠ ਸਮਾਨ ਬਣਿਆ ਤੇ ਸਜਿਆ ਹੋਇਆ ਬਿਆਨ ਕੀਤਾ ਹੈ :

*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਉ ॥ (ਪੰਨਾ ੧੪੦੦)*

ਸਿੱਖ ਪਾਤਸ਼ਾਹਿਤ ਦੇ ਉਕਤ, ਕੇਂਦਰ ਨੂੰ , ਮਗਰੋਂ ਗੁਰੂ ਅਮਰਦਾਸ ਦੀ ਹੀ ਦ੍ਰਿਬ ਦ੍ਰਿਸ਼ਟੀ, ਆਗਿਆ ਤੇ ਅਸੀਸ ਸਦਕੇ, ਉਨ੍ਹਾਂ ਦੇ ਉਤਰ-ਅਧਿਕਾਰੀ, ਗੁਰੂ ਰਾਮਦਾਸ ਜੀ (੧੫੩੪-੮) ਅੰਮ੍ਰਿਤਸਰ ਲੈ ਗਏ ਸਨ, ਜੋ ਸਮਾਂ ਪਾ ਕੇ ਸਿੱਖੀ ਦੀ ਉਵੇਂ ਹੀ ਰਾਜਧਾਨੀ ਸਿੱਧ ਹੋਇਆ, ਜਿਵੇਂ ਈਸਾਈਅਤ ਦਾ ਰੋਮ ਤੇ ਇਸਲਾਮ ਦਾ ਮੱਕਾ ਹੈ ।

ਇਸੇ ਅੰਮ੍ਰਿਤਸਰ ਵਿੱਚ ਕਾਇਮ ਹੋਏ ਉਸ ਸ਼੍ਰੋਮਣੀ ਸਿੱਖ ਕੇਂਦਰ ਅਤੇ ਸਿੱਖੀ ਜੀਵਨ ਦੇ ਅਮਰ ਸੋਮੇ ਦੀ ਸਥਾਪਨਾ ਤੇ ਉਸਾਰੀ ਦਾ ਆਰੰਭ ਦਸਦਿਆਂ, ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਕ ਦਿਨ ਉਕਤ ਗੋਇੰਦਵਾਲ ਬੈਠਿਆਂ, ਭਾਈ ਜੇਠਾ


www.AKJ.Org

ਜੀ (ਮਗਰੋਂ ਰਾਮਦਾਸ ਜੀ) ਨੂੰ ਪਾਸ ਬੁਲਾ ਕੇ ਆਗਿਆ ਕੀਤੀ ਸੀ ਕਿ ਵਰਤਮਾਨ ਅੰਮ੍ਰਿਤਸਰ ਦੇ ਸਥਾਨ ਉਤੇ ਜਾ ਕੇ ਇਕ ਨਵਾਂ ਗਰਾਮ ਵਸਾਓ :

*ਸੁਨ ਹੇ ਸੋਮੁ ਬਸਨ ਹਿਤ ਥਾਨ, ਗ੍ਰਾਮ ਬਸਾਵਹੁ ਪਿਖਿ ਕਰਿ ਆਨ ।*
*ਸਨੇ ਸਨੇ ਨਿਜ ਪਾਇ ਟਿਕਾਵਹੁ, ਬਹੁਰ ਕਰਹੁ ਪੁਰਿ ਮਹਾਂ ਬਸਾਵਹੁ ।...*
*ਅਹੈ ਪਰਗਨਾ ਤੁਮਰੇ ਪਾਸ, ਥਲ ਆਛੋ ਪਿਖਿ ਕਰਹੁ ਅਵਾਸ ।*
*(ਸੂਰਜ ਪ੍ਰਕਾਸ਼ ਰਾਸ ੨, ਅੰਸੂ ੧੨ ਬੰਦ ੪)*

ਇਸੇ ਲਈ ਇਸ ਨੂੰ ਪਹਿਲਾ ਗੁਰੂ ਅਮਰਦਾਸ ਜੀ ਦੇ ਹੀ ਸ਼ੁਭ ਨਾਂ 'ਤੇ ਅਮਰਸਰ ਅਤੇ ਗੁਰੂ ਰਾਮਦਾਸ ਜੀ ਦੇ ਪਾਵਨ ਨਾਂ 'ਤੇ ਰਾਮਦਾਸਪੁਰ ਵੀ ਬੁਲਾਇਆ ਜਾਂਦਾ ਰਿਹਾ ਹੈ । ਭਾਈ ਕੇਸਰ ਸਿੰਘ ਅਨੁਸਾਰ :

***ਦੁਇ ਨਾਮ ਤੀਰਥ ਦੇ ਪਏ ਸੰਸਾਰ : ਕੋਈ ਕਹੇ ਰਾਮਦਾਸਪੁਰ,***
***ਕੋਈ ਕਹੇ ਅਮਰਸਰ ਉਚਾਰ ॥***
*(ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਚਰਨ ਨੰ: ੪, ਬੰਦ ਨੰ: ੨੫)*

ਇਉਂ ਸਿੱਖ ਧਰਮ ਦੇ ਇਹ ਦੋਵੇਂ ਮੁੱਢਲੇ ਅਤੇ ਅਤਿ ਮਹੱਤਵਪੂਰਨ ਤੀਰਥ ਤੇ ਕੇਂਦਰੀ ਸਥਾਨ ਗੁਰੂ ਅਮਰਦਾਸ ਜੀ ਦੀ ਹੀ ਭਾਰੀ ਤੇ ਯਾਦਗਾਰੀ ਦੇਣ ਹਨ । ਇਨ੍ਹਾਂ ਦੀ ਸਥਾਪਨਾ ਨੇ ਹੀ ਸਿੱਖ ਲਹਿਰ ਨੂੰ, ਨਿਰਸੰਦੇਹ, ਸਦਾ ਲਈ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ ਸੀ; ਅਤੇ ਸਿੱਖੀ ਨੂੰ 'ਅਹਿਲੇ ਮੁਕਾਮ' ਵੀ ਬਣਾ ਦਿੱਤਾ ਸੀ ।

ਗੁਰੂ ਸਾਹਿਬ ਨੇ ਇਸ ਸ਼ੁਭ ਭਾਵ ਨੂੰ ਮੁੱਖ ਰੱਖਦਿਆਂ ਕਿ ਤੀਰਥ, ਪੁਰਬ ਅਤੇ ਮੇਲੇ, ਧਰਮ ਪਰਚਾਰ ਅਤੇ ਕੌਮੀ ਸੰਗਠਨ ਦੇ ਲੋਕ-ਪ੍ਰਿਅ ਸਥਾਨ ਤੇ ਪ੍ਰਚੱਲਿਤ ਸਾਧਨ ਹਨ, ਉਕਤ ਗੋਇੰਦਵਾਲ ਵਿੱਚ ਹੀ, ੧੫੬੭ ਈ: ਤੋਂ ਵੈਸਾਖੀ ਦਾ ਸਾਲਾਨਾ ਮੇਲਾ ਰਚਾਉਣਾ ਸ਼ੁਰੂ ਕੀਤਾ, ਜਿਸ ਵਿੱਚ ਸ਼ਾਮਿਲ ਹੋਣ ਲਈ ਹਰ ਸਿੱਖ ਨੂੰ ਸੱਦਾ ਭੇਜਿਆ ਜਾਂਦਾ ਸੀ । ਇਸ ਦਾ ਨਾਂ ਬਿਸੋਵਾ ਦਿਵਸ ਵੀ ਪ੍ਰਚਲਿਤ ਰਿਹਾ ਹੈ । ਭਾਈ ਸਰੂਪ ਦਾਸ ਮਹਿਮਾ ਪ੍ਰਕਾਸ਼ ਦੀ ਸਾਖੀ ਨੰ: ੨੪ਵਿੱਚ ਜ਼ਿਕਰ ਕਰਦੇ ਹਨ :

*ਸਭ ਹਨ ਬਿਸੋਆ ਦਿਨ, ਮਨ ਸਰਸਨ ਬੜੇ ਭਾਗਾਂ ਪਾਵੇ ਗੁਰ ਦਰਸਨ ।*

ਇਹੋ ਅਵਸਰ ਤੇ ਮੇਲਾ, ਮਗਰੋਂ, ਸਮੂਹ ਸਿੱਖ ਜਗਤ ਦਾ ਸਾਲਾਨਾ ਜੋੜ ਮੇਲਾ ਤੇ ਕੌਮੀ ਤਿਉਹਾਰ, ਅਤੇ ਖਾਲਸਾ ਪੰਥ ਦਾ ਸਿਰਜਨਾ ਦਿਵਸ ਵੀ ਬਣ ਗਿਆ । ਸਤਿਗੁਰਾਂ ਦੀ ਆਪਣੀ ਦੇਖ-ਰੇਖ ਵਿੱਚ ਹੁੰਦੇ ਰਹੇ ਅਜਿਹੇ ਸਾਲਾਨਾ ਜੋੜ ਮੇਲੇ ਨੇ ਸਿੱਖ ਪੰਥ ਨੂੰ ਵਿਕਸਾਉਣ, ਉਨਤਾਉਣ ਤੇ ਪਕਿਆਉਣ ਵਿੱਚ ਬੜੀ ਮਦਦ ਕੀਤੀ । ਇਸ ਨੇ ਸਮੂਹ ਸਿੱਖੀ ਵਿੱਚ ਸਾਂਝੀ ਸੋਚ ਵਿਚਾਰ ਤੇ ਅਮਲੀ ਕਾਰਵਾਈ ਨੂੰ ਵੀ ਬੜਾ ਉਤਸ਼ਾਹਿਤ ਕੀਤਾ। ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਗਏ ਸਤਿਨਾਮ ਦੇ ਚੱਕਰ ਸਦਕਾ, ਸਮੁੱਚੇ ਉਪ-ਮਹਾਂਦੀਪ ਵਿੱਚ ਖਿੰਡੀ ਹੋਈ ਸਿੱਖੀ ਨੂੰ ਜਥੇਬੰਦ ਕਰਨ ਅਤੇ ਧੁਰੇ ਤੇ ਕੇਂਦਰ ਨਾਲ ਜੋੜੇ ਰੱਖਣ ਲਈ ਮੰਜੀ ਪ੍ਰਥਾ ਦੀ ਨੀਂਹ ਵੀ ਗੁਰੂ ਅਮਰਦਾਸ ਜੀ ਨੇ ਹੀ ਰੱਖੀ ਸੀ । ਇਸ ਮੰਤਵ ਦੇ ਕਾਰਜ ਦੀ ਪੂਰਤੀ ਲਈ ਆਪ ਨੇ ਸਮੂਹ ਸਿੱਖ ਜਗਤ ਨੂੰ, ਸਮਕਾਲੀ ਬਾਦਸ਼ਾਹ ਅਕਬਰ ਦੀ ਕੀਤੀ ਹੋਈ ਪ੍ਰਾਂਤਕ ਦੇਸ-ਵੰਡ ਨੂੰ ਮੁੱਖ ਰੱਖਦਿਆਂ, ਬਾਈ ਹਿੱਸਿਆਂ ਵਿੱਚ ਵੰਡ ਕੇ ਬਾਈ ਮੰਜੀਆਂ ਕਾਇਮ ਕਰ ਦਿੱਤੀਆਂ ਸਨ ਅਤੇ ਭਾਈ ਪਾਰੋ ਅਤੇ ਅੱਲਾ ਯਾਰ ਵਰਗੇ, ਉਤਮ, ਯੋਗ ਅਤੇ ਸਿਦਕੀ ਸੇਵਕਾਂ ਨੂੰ ਉਹਨਾਂ ਦੇ ਇੰਚਾਰਜ ਨੀਅਤ ਕਰ ਦਿੱਤਾ ਸੀ । ਇਹੋ ਮੰਜੀਆਂ, ਭਾਵ ਸਿੱਖੀ ਕੇਂਦਰ ਹੀ, ਸਿੱਖੀ ਨੂੰ ਦੂਰ-ਦੁਰਾਡੇ



www.AKJ.Org

ਫੈਲਾਉਣ, ਸਿੱਖ ਸਿਧਾਂਤ ਨੂੰ ਪ੍ਰਚਾਰਣ, ਸਿੱਖ ਆਦਰਸ਼ ਨੂੰ ਪ੍ਰਸਾਰਣ ਅਤੇ ਸਿੱਖ ਜਨਤਾ ਨੂੰ ਜੱਥੇਬੰਦ ਕਰਨ ਲਈ ਇਕ ਬੜਾ ਹੀ ਸਫਲ ਸਾਧਨ ਸਿੱਧ ਹੋਏ ਸਨ । ਇਹਨਾਂ ਦੇ ਯਤਨ ਅਤੇ ਲਿਆਕਤ ਨੇ ਸਿੱਖ ਲਹਿਰ ਨੂੰ ਪੱਕੇ ਪੈਰੀਂ ਖੜਾ ਕਰ ਦਿੱਤਾ ਸੀ ਅਤੇ ਇਸ ਨੂੰ ਬਿਖਰਣ ਅਤੇ ਢਿੱਲਾ ਪੈਣ ਤੋਂ ਬਚਾ ਲਿਆ ਸੀ । ਇਹਨਾਂ ਨੇ ਹੀ ਦੇਸ਼-ਵਿਦੇਸ਼ ਵਿਚਰ ਰਹੀ ਸਿੱਖੀ ਨੂੰ ਗੁਰੂ-ਚਰਨਾਂ ਨਾਲ ਜੋੜੀ, ਇਕੋ ਤੰਦ ਨਾਲ ਪਰੋਈ ਅਤੇ ਸਿੱਖ ਧੁਰੇ ਨਾਲ ਸਬੰਧਿਤ ਕਰੀ ਰੱਖਿਆ ਸੀ । ਸਮੁੱਚੇ ਉਪ-ਮਹਾਂਦੀਪ ਵਿੱਚ ਥਾਉਂ ਥਾਂ ਉੱਨਤ ਪ੍ਰਫੁਲਤ ਹੋਈ ਸਿੱਖੀ ਗੁਰੂ ਅਮਰਦਾਸ ਜੀ ਦੀ ਦੂਰ-ਦ੍ਰਿਸ਼ਟੀ, ਮੌਲਿਕ ਚਿੰਤਨ, ਸੰਗਠਨ ਸੂਝ, ਪ੍ਰਬੰਧਕ ਸ਼ਕਤੀ ਅਤੇ ਅਟੁੱਟ ਘਾਲ-ਕਮਾਈ ਦੀ ਭਰਵੀਂ ਸਾਖ ਭਰਦੀ ਹੈ ।

ਗੁਰੂ ਅਮਰਦਾਸ ਜੀ ਨੇ ਮਨੁੱਖ ਦੀ ਆਤਮਿਕ ਉਨਤੀ ਅਤੇ ਮੁਕਤੀ ਲਈ ਗੁਰੂ ਸ਼ਬਦ ਦੀ ਕਮਾਈ ਨਾਮ ਸਿਮਰਨ ਦਾ ਅਭਿਆਸ ਉਤੇ ਵੀ ਬੜਾ ਜ਼ੋਰ ਦਿੱਤਾ ਹੈ । ਉਹਨਾਂ ਨੇ ਸ਼ਬਦ ਜਾਂ ਬਾਣੀ ਨੂੰ ਹੀ ਗੁਰੂ ਮੰਨਿਆ ਅਤੇ ਇਸਦੀ ਮਹੱਤਤਾ ਤੇ ਵਿਸ਼ੇਸ਼ਤਾ ਬਿਆਨ ਕਰਦਿਆ, ਇਥੋਂ ਤੀਕ ਫੁਰਮਾਇਆ :

*੧. ਗੁਰਬਾਣੀ ਇਸੁ ਜਗ ਮਹਿ ਚਾਨਣੁ...॥ (ਪੰਨਾ ੬੭)*
*੨. ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ (ਪੰਨਾ ੯੨੨)*
*੩. ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥ (ਪੰਨਾ ੩੫)*
*੪. ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥ (ਪੰਨਾ ੧੪੧੬)*

ਇਸੇ ਲਈ ਆਪ ਨੇ ਆਪਣੇ ਸਿੱਖ ਸੇਵਕਾਂ ਨੂੰ ਕੇਵਲ ਸ਼ਬਦ ਨੂੰ ਹੀ ਸਿਮਰਨ ਤੇ ਆਰਾਧਣ ਦੀ ਹਦਾਇਤ ਕੀਤੀ । ਇਸੇ ਮੰਤਵ ਤੇ ਲੋੜ ਨੂੰ ਮੁੱਖ ਰੱਖਦਿਆਂ ਆਪ ਨੇ ਆਦਿ ਸਤਿਗੁਰਾਂ ਦੀ ਬਾਣੀ ਤੇ ਗੁਰੂ ਆਸ਼ੇ ਨਾਲ ਮਿਲਦੀ-ਜੁਲਦੀ ਸੰਤਾਂ-ਭਗਤਾਂ ਦੀ ਰਚਨਾ ਇਕੱਤਰ ਕਰਕੇ ਉਸ ਵਿੱਚ ਮਨੋਹਰ ਕਿਰਤਾਂ ਆਪਣੇ ਵਲੋਂ ਸ਼ਾਮਿਲ ਕਰਕੇ, ਪਾਵਨ ਪੋਥੀਆਂ ਤਿਆਰ ਕਰਵਾਈਆਂ । ਇਹੋ ਪਵਿੱਤਰ ਪੋਥੀਆਂ ਹੀ ਮਗਰੋਂ ੧੬੦੪ ਈ: ਵਿੱਚ, ਤਿਆਰ ਹੋਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਮੂਲ ਆਧਾਰ ਸਿੱਧ ਹੋਈਆਂ ਸਨ । ਸੋ, ਗੁਰੂ ਅਰਜਨ ਦੇਵ ਜੀ (੧੫੬੩-੧੬੦੬ ਈ:) ਦੇ ਨਾਨਾ ਜੀ ਗੁਰੂ ਅਮਰਦਾਸ ਜੀ, ਹੀ ਸਨ ਜਿੰਨ੍ਹਾਂ ਨੇ ਉਨ੍ਹਾਂ ਨੂੰ ਦੋਹਿਤਾ ਬਾਣੀ ਦਾ ਬੋਹਿਥਾ ਨਾਂ ਦੀ ਅਸੀਸ ਨਾਲ ਨਿਵਾਜਿਆ ਸੀ । ਆਪ ਨੇ ਗੁਰ-ਗੱਦੀ ਪ੍ਰਾਪਤੀ ਤੋਂ ਬਾਦ, ਆਪਣੀ ਬਾਣੀ ਉਨ੍ਹਾਂ ੧੭ ਰਾਗਾਂ ਵਿੱਚ ਰਚਣ ਦਾ ਕਮਾਲ ਕਰ ਵਿਖਾਇਆ ਜੋ ਗੁਰੂ ਨਾਨਕ ਦੇਵ ਆਪਣੀ ਮਨੋਹਰ ਬਾਣੀ ਦੇ ਗਾਇਨ ਲਈ ਵਰਤ ਚੁੱਕੇ ਸਨ । ਉਨ੍ਹਾਂ ਦੀ ਇਹ ਪਾਵਨ ਰਚਨਾ ਆਕਾਰ ਵਜੋਂ ਵੀ ਸੂਚੀ ਵਿੱਚ ਤੀਜੇ ਨੰਬਰ ਤੇ ਹੈ । ਇਸ ਵਿੱਚ ਵਿਸ਼ੇ ਦੀ ਕਲਾ ਪੂਰਤ ਉਸਾਰੀ ਤੇ ਲੈਅ ਪੂਰਤ ਚਾਲ ਸਾਡੇ ਅਧਿਆਤਮਕ ਸਾਹਿਤ ਦੀ ਇਕ ਮਹਾਨ ਪ੍ਰਾਪਤੀ ਹੈ । *'ਅਨੰਦ'* ਨਾਂ ਦੀ ਅਨੂਠੀ ਤੇ ਸ਼ਾਹਕਾਰੀ ਕਿਰਤ ਸਮੂਹ ਮਨੁੱਖ ਜਾਤੀ ਨੂੰ ਗੁਰੂ ਅਮਰਦਾਸ ਜੀ ਦੀ ਇਕ ਹੋਰ ਅਦੁੱਤੀ ਦੇਣ ਹੈ ।

*('ਗੁਰਮਤਿ ਪ੍ਰਕਾਸ਼' ਵਿਚੋਂ ਧੰਨਵਾਦ ਸਹਿਤ)*

✧✧✧



www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ 'ਸੂਰਾ' ਅਗਸਤ ੨੦੦੧ ਦੇਖੋ)

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥

(ਗਉੜੀ ਸੁਖਮਨੀ ਮ: ੫, ਪੰਨਾ ੨੬੬

ਵਿਆਖਿਆ : ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮੁ ਅਤੇ ਸਾਰੇ ਕਰਮਾਂ ਵਿਚੋਂ ਸਰਬੋਤਮ ਕਰਮੁ ਵਾਹਿਗੁਰੂ ਦਾ ਨਾਮੁ ਜਪਣਾ ਹੀ ਹੈ । ਸਾਰੀਆਂ ਕਿਰਿਆਵਾਂ ਵਿਚੋਂ ਊਤਮ ਕਿਰਿਆ ਇਹ ਹੈ ਕਿ ਗੁਰੂ ਘਰ ਦੀ ਸਾਧ ਸੰਗਤਿ ਵਿਖੇ ਜੁੜ ਕੇ ਅਤੇ ਗੁਰੂ ਨਾਨਕ ਦੇ ਘਰ ਦੇ ਗੁਰਮੁਖ ਜਨਾਂ ਦੀ ਸੰਗਤ ਤੋਂ ਨਾਮ ਦ੍ਰਿੜਾ ਕੇ ਉਸ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਜੋ ਦੁਰਮਤਿ ਮੈਲ ਦੂਰ ਹੁੰਦੀ ਹੈ, ਇਹੀ ਦੁਰਮਤਿ ਮੈਲ ਦੂਰ ਕਰਨਹਾਰੀ ਗੁਰਮਤਿ ਨਾਮ ਦੀ ਅਭਿਆਸ ਕਮਾਈ ਸਾਰੀਆਂ ਆਮ ਕਿਰਿਆਵਾਂ ਵਿਚੋਂ ਸਰਬੋਤਮੀ ਕਿਰਿਆ ਹੈ ਅਤੇ ਸਾਰਿਆਂ ਉਦਮਾਂ ਵਿਚੋਂ ਇਹ ਉੱਦਮ ਸਭ ਤੋਂ ਭਲਾ ਹੈ, ਜਿਸ ਉਦਮ ਦੁਆਰਾ ਵਾਹਿਗੁਰੂ ਦਾ ਨਾਮ ਸਦ ਸਦਾ ਇਕ-ਰਸ ਉਚਾਰਨ ਕੀਤਾ ਜਾਵੇ । ਹੇ ਜੀਅਰੇ ! ਸਾਰੀਆਂ ਬਾਣੀਆਂ ਵਿਚੋਂ ਅੰਮ੍ਰਿਤ ਬਾਣੀ ਕੇਵਲ ਗੁਰਬਾਣੀ ਹੈ । ਹੋਰ ਬੇਦ ਬਾਣੀਆਂ ਆਦਿ ਕੱਚੀਆਂ ਬਾਣੀਆਂ ਹਰਗਿਜ਼ ਅੰਮ੍ਰਿਤ ਬਾਣੀਆਂ ਨਹੀਂ । ਕਿਉਂਕਿ ਅੰਮ੍ਰਿਤ ਬਾਣੀ ਉਹ ਹੈ ਜਿਸ ਦੇ ਸ੍ਰਵਣ ਕਰਕੇ ਸੁਣਿਆਂ ਅਤੇ ਰਸਨਾ ਕਰਕੇ ਵਖਾਣਿਆਂ ਸੁਣਨ ਵਖਾਣਨਹਾਰੇ ਪ੍ਰੇਮੀ ਜਨ ਦੇ ਮਨ ਅੰਦਰਿ ਅੰਮ੍ਰਿਤ ਮਈ ਪਾਰਸ-ਕਲਾ ਵਰਤ ਜਾਵੇ । ਅਜਿਹੀ ਅੰਮ੍ਰਿਤ ਪਾਰਸ-ਕਲਾਵੀ ਬਾਣੀ, ਇਕੋ ਬਾਣੀ, ਧੁਰੋਂ ਆਈ ਇਕੋ ਬਾਣੀ ਗੁਰਬਾਣੀ ਹੀ ਹੈ । ਜਿਸ ਗੁਰਬਾਣੀ ਰੂਪੀ ਹਰੀ ਜਸ (ਸਿਫਤਿ ਸਲਾਹ) ਨੂੰ ਸੁਣਿਆਂ ਵਖਾਣਿਆਂ ਸੁਣਨ ਵਖਾਣਨਹਾਰਿਆਂ ਦੇ ਕੰਨਾਂ ਅਤੇ ਰਸਨਾ ਅੰਦਰਿ ਪਾਰਸ-ਰਸਾਇਣੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ । ਅਤੇ ਸਗਲਿਆਂ ਅਸਥਾਨਾ ਨਾਲੋਂ ਉਤਮ ਸਰਬੋਤਮ ਥਾਉਂ ਉਹ ਹੈ ਜਿਸ ਅੰਦਰਿ ਵਾਹਿਗੁਰੂ ਦਾ ਅੰਮ੍ਰਿਤ-ਰਸਾਇਣੀ ਪਾਰਸ-ਨਾਮੁ ਵਸਦਾ ਰਸਦਾ ਹੈ । ਇਹ ਉਤਮ ਸਰਬੋਤਮ ਅਸਥਾਨ ਹੈ ਅਭਿਆਸੀ ਜਨਾਂ ਦਾ ਘਟ ਹਿਰਦਾ । ਐਸਾ ਸਰਬੋਤਮੀ ਘਟ ਹਿਰਦਾ ਗੁਰੂ ਨਾਨਕ ਸਾਹਿਬ ਦੇ ਘਰੋਂ ਵਰੋਸਾਏ ਹੋਏ ਗੁਰਮੁਖਾਂ ਪਿਆਰਿਆਂ ਦਾ ਹੀ ਘਟ ਹਿਰਦਾ ਹੈ । ਹੋਰ ਕੋਈ ਕਿਸੇ ਦਾ ਹਿਰਦਾ ਐਸਾ ਨਹੀਂ ।

ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥



www.AKJ.Org

*ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥ (੮॥੨੪)* *(ਗਉੜੀ ਸੁਖਮਨੀ ਮ: ੫, ਪੰਨਾ ੨੯੫-੯੬*

**ਵਿਆਖਿਆ :** ਗੁਰਮਤਿ ਨਾਮ ਸਰਬੋਤਮ ਕਰਮ ਦੇ ਪਿਛੇ ਸਮੁਚੇ ਹੀ ਉਚੇ ਉਚੇ ਕਰਮ ਫਲ ਸੁਤੇ ਸਿਧ ਹੀ ਲਗੇ ਫਿਰਦੇ ਹਨ, ਚਾਹੇ ਗੁਰਮਤਿ ਨਾਮੁ ਅਭਿਆਸੀ ਤਿਨ੍ਹਾਂ ਫਲਾਂ ਦੀ ਬਾਛਾ ਕਰੇ ਯਾ ਨ ਕਰੇ ।

੧. ਸਦ ਖੁਸ਼ੀਆਂ ਵਾਲੀ ਸਚੁ ਸੁਖ-ਪਾਇਕ ਕਲਿਆਣਮਈ ਸੁਪ੍ਰਸੰਨਤਾ (ਖੇਮ) ।

੨. ਜੋਤਿ ਰਸ ਖਿੜਾਉ ਭਿੰਨੀ ਸੱਚੀ ਸ਼ਾਂਤੀ (ਸਾਂਤਿ)

੩. ਧਨ ਸੰਪਦਾ ਐਸ਼੍ਵਰਜ ਦੀ ਸੁਤੇ-ਪ੍ਰਾਪਤਨੀ ਪਾਰਜਾਤ ਕਲਾ (ਰਿਧਿ) ।

੪. ਨਿਧੀਆਂ ਦੇ ਨਵੇਂ ਖਜ਼ਾਨੇ (ਪਦਮ, ਮਹਾਂ ਪਦਮ, ਸੰਖ, ਮਕਰ, ਕਛਪ, ਕੁੰਦ, ਨੀਲ, ਮੁਕੰਦ, ਅਤੇ ਖਰਬੁ) ਨਉ ਨਿਧਿ, ਨੌਂ ਹੀ ਨਿੱਧੀਆਂ (ਨਵ ਨਿਧਿ) ।

੫. ਬ੍ਰਹਮ ਬੋਧ ਵਾਲੀ ਅਕਲ ਲਤੀਫ਼ੀ ਬੁਧੀ (ਬੁਧਿ) ।

੬. ਤ੍ਰੈਕਾਲ-ਦਰਸਤਾ ਵਾਲੀ ਅੰਤਰਯਾਮਤਾ ਵਾਲਾ ਆਤਮੇ ਚਾਨਣੇ ਦਾ ਗਿਆਨ (ਗਿਆਨੁ) ।

੭. ਸਾਰੀਆਂ ਹੀ ਕਰਾਮਾਤ ਸ਼ਕਤੀਆਂ, ਸਰਬੱਤ ਸਿੱਧੀਆਂ, ਸਰਬੱਤ ਹੀ ਸਿਧੀਆਂ (ਸਰਬਤਹ ਸਿਧਿ) ।

੮. ਆਤਮ ਬੋਧਨੀ ਪਰਮਾਰਥੀ ਇਲਮ ਇਲਾਹੀ ਵਾਲੀ ਸੱਚੀ ਬਿਦਿਆ (ਬਿਦਿਆ) ।

੯. ਪਰਮਾਤਮੀ ਮਹਾਤਮ ਦੀ ਰਿਆਜ਼ਤ ਸੱਚਾ ਆਤਮ ਪ੍ਰਤਾਪੀ ਤਪੁ (ਤਪੁ)

੧੦. ਪਰਮਾਤਮਾ ਨਾਲ ਜੁੜਨ ਵਾਲਾ ਸਹਜ ਜੋਗੁ (ਜੋਗੁ) ।

੧੧. ਵਾਹਿਗੁਰੂ ਦੇ ਦਰਸ਼ਨ ਸਰੂਪ ਵਿਚਿ ਮਕਤੀ ਬਿਰਤੀ ਦਾ ਸੱਚਾ ਅਤੇ ਸੁਤੇ ਸਹਜ ਟਿਕਾਉ ਧਿਆਨੁ (ਪ੍ਰਭ ਧਿਆਨੁ) ।

੧੨. ਪਰਮਾਤਮ ਸਰੂਪ ਦਾ ਪਰਤੱਖ ਅਤੇ ਪਰਚੰਡ ਤੱਤ ਗਿਆਨੁ (ਗਿਆਨ ਸ੍ਰੇਸ਼ਟ) ।

੧੩. ਸਰਬੱਤਰ ਅਤੇ ਸਨਮੁਖ ਭਰਪੁਰ ਲੀਣੇ ਪਰਮਾਤਮ ਰਸ ਦਿਬ ਜੋਤਿ ਲਤੀਫ਼ਤਾ ਦੀਆਂ ਲਹਿਰਾਂ ਮਾਰ ਰਹੇ ਸੁਧਾ ਸਰੋਵਰ ਵਿਚਿ ਸਦ ਨਵ ਨਿਰੰਜਨੀ ਉਦਕ ਉਦਕੀਨੀਆ ਅਮਿਉ ਮੱਜਨੀ ਇਸ਼ਨਾਨ (ਊਤਮ ਇਸਨਾਨੁ) ।

੧੪. ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੀ ਸੁਤੇ ਸਿਧਿ ਪ੍ਰਾਪਤੀ (ਚਾਰ ਪਦਾਰਥ) ।

੧੫. ਹਿਰਦੇ ਅੰਦਰਲੇ ਨਾਭ ਕੰਵਲ ਦਾ ਜੋਤਿ ਸ਼ਗੁਫਤਨੀ ਸਹਿਜ ਪ੍ਰਕਾਸ਼ (ਕਮਲ ਪ੍ਰਗਾਸ) ।

੧੬. ਗ੍ਰਿਹਸਤ ਵਿਚਿ ਰਹਿ ਕੇ ਫੇਰ ਜਲ ਕੰਵਲ ਵਤ ਨਿਰਲੇਪ ਰਹਿਣ ਵਾਲੀ ਅਲੌਕਿਕਤਾ (ਸਭ ਕੈ ਮਧਿ ਸਗਲ ਤੇ ਉਦਾਸ) ।

੧੭. ਆਤਮ ਜਲਵਨੀ ਮੁਖਿ ਮਸਤਕ ਝਲਕਨੀ ਜਲਾਲ ਆਭਾ ਆਭੰਨੀ ਸੁੰਦਰਯਤਾ ਵਾਲਾ ਸੁੰਦਰ ਸਰੂਪਾ ਹੋਣਾ (ਸੁੰਦਰੁ) ।

੧੮. ਸੁੰਦਰ ਸੋਭਾ ਤੇ ਰਸ ਦਰਸਨੀ ਸੁਆਦ ਨੂੰ ਅੰਦਰੇ ਅੰਦਰਿ ਜਰਨ ਵਾਲੀ ਅਜਰਤਾ ਦਾ ਚਤੁਰ ਸਿਆਣਾ ਹੋਣਾ (ਚਤੁਰ) ।

੧੯. ਗੂੜ੍ਹ ਤੇ ਗੂੜ੍ਹ ਗੁਰਮਤਿ ਰਮਜ਼ਾਂ ਦਾ ਤੱਤ ਗਿਆਤਾ ਹੋਣਾ (ਤੱਤ ਬੇਤਾ) ।

੨੦. ਸਾਰਿਆਂ ਨੂੰ ਦਿੱਬ ਦ੍ਰਿਸ਼ਟੀ ਨਾਲਿ ਸਮਾਨ ਦੇਖਣ ਵਾਲਾ (ਸਮ ਦਰਸੀ ਏਕ ਦ੍ਰਿਸਟੇਤਾ) ਹੋਣਾ ।


www.AKJ.Org

ਇਹ ਸਾਰੇ ਉਪਰ ਵਰਨਣ ਕੀਤੇ ਬੀਸ ਸੁਫਲ ਫਲ ਉਸ ਜਨ ਨੂੰ ਸੁਤੇ ਸਹਿਜ ਹੀ ਪ੍ਰਾਪਤਿ ਹੋ ਜਾਂਦੇ ਹਨ ਜੋ ਗੁਰੂ ਕੇ ਨਾਮ ਰੂਪੀ ਅੰਮ੍ਰਿਤ ਬਚਨ ਮਨ ਕਰਕੇ ਸੁਣਦਾ ਹੈ ਅਤੇ ਮੂੰਹੋਂ ਉਚਾਰਦਾ ਹੈ । ਐਸੀ ਹੈ ਗੁਰਮਤਿ ਨਾਮ ਦੀ ਸਰਬੋਤਮਤਾ ।

*ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥*
*ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥*
*ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥੬॥੭॥੨੪॥*
*(ਗਉੜੀ ਸੁਖਮਨੀ ਮ: ੫, ਪੰਨਾ ੨੯੬)*

ਵਿਆਖਿਆ : ਇਸ ਨਿਧਾਨੁ ਰੂਪੁ ਨਾਮ ਨੂੰ ਜਾਂ ਨਾਮ ਰੂਪੀ ਨਿਧਾਨ ਨੂੰ ਜੋ ਜਨ ਜਪਦਾ ਹੈ, ਸਾਰੇ ਜੁਗਾਂ ਵਿਚ ਕੇਵਲ ਉਸੇ ਦੀ ਹੀ ਗਤਿ ਕਲਿਆਣ ਹੁੰਦੀ ਹੈ । ਸਾਰੇ ਜੁਗਾਂ ਅੰਦਰਿ ਜਿਤਨੇ ਭੀ ਹੋਰ ਕਰਮ ਕਮਾਵਨਹਾਰੇ ਹਨ, ਤਿਨ੍ਹਾਂ ਦੀ ਗਤਿ ਨਹੀਂ ਹੁੰਦੀ । ਕੇਵਲ ਨਾਮ ਜਾਪ ਕਮਾਈ ਕਰਨ ਵਾਲੇ ਦੀ ਹੀ ਹੁੰਦੀ ਹੈ , ਹੋਰਨਾਂ ਜੁਗਾਂ ਅੰਦਰਿ ਨਾਮ ਤੋਂ ਬਿਨਾਂ ਹੋਰ ਆਨਮਤ ਕਰਮ ਕਰਨਹਾਰੇ ਅਬਿਗਤਿ ਹੀ ਜਾਣਗੇ । ਓਹਨਾਂ ਦੀ ਫੇਰ ਤਦੋਂ ਹੀ ਗਤਿ ਹੋਵੇਗੀ ਜਦੋਂ ਓਹ ਸਤਿਗੁਰੂ ਸ਼ਰਨੀ ਆਇ ਕੈ ਗੁਰਮਤਿ ਨਾਮ ਜਪਣਗੇ । ਸਦਗਤਿ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨ ਕਰਿ ਹੀ ਹੈ । ਗੁਣ ਗੋਬਿੰਦ ਗਾਵਣੇ ਅਤੇ ਨਾਮ ਧੁਨਿ ਬਾਣੀ ਦਾ ਉਚਾਰਨ ਕਰਨਾ ਇਹੀ ਸਿਮ੍ਰਿਤਿ ਸਾਸਤ੍ਰ ਵੇਦ ਵਖਾਨਣਾ ਹੈ । ਗੁਰਸਿਖਾਂ ਲਈ ਗੁਣ ਗੋਬਿੰਦ ਨਾਮ ਧੁਨਿ ਬਾਣੀ ਦੇ ਉਚਾਰਨ ਬਾਝੋਂ ਹੋਰ ਕੋਈ ਸਿਮ੍ਰਿਤਿ ਸ਼ਾਸਤ੍ਰ ਬੇਦ ਬਖਾਨਣਾ ਨਹੀਂ । 'ਗੁਣ ਗੋਬਿੰਦਨਾਮ ਧੁਨਿ ਬਾਣੀ' ਉਚਾਰਨੇ ਗੁਰਸਿਖਾਂ ਨੂੰ ਸਿਮ੍ਰਿਤਿ ਸ਼ਾਸਤ੍ਰ ਬੇਦ ਬਖਾਨਣ ਦੀ ਲੋੜ ਨਹੀਂ । ਗੁਣ ਗੋਬਿੰਦ ਨਾਮ ਧੁਨਿ ਬਾਣੀ ਉਚਾਰਨ ਤੋਂ ਵੱਦ ਹੋਰ ਕਿਸੇ ਸਿਮ੍ਰਿਤਿ ਸ਼ਾਸਤ੍ਰ ਬੇਦ ਦਾ ਬਖਾਨਣਾ ਨਹੀਂ । ਸਾਰੇ ਮਤ ਮਤਾਂਤ ਘੋਖੇ ਅਤੇ ਕਮਾਏ ਨਾਮ ਅਭਿਆਸ ਕਮਾਈ ਦੇ ਲਵੇ ਨਹੀਂ ਲਗਦੇ, ਨਾਮ ਦੇ ਤੁਲਿ ਨਹੀਂ ਤੁਲਦੇ, ਨਾਮ ਅਭਿਆਸ ਕਮਾਈ ਨੂੰ ਨਹੀਂ ਪੁਜਦੇ । ਗੁਰਸਿਖਾਂ ਲਈ ਕੇਵਲ ਗੁਰਮਤਿ ਨਾਮ ਮਤਾਂਤਾਂ ਸਿਰਿ ਮਤਾਂਤ ਹੈ । ਗੋਬਿੰਦ ਭਗਤ ਦੇ ਮਨ ਬਿਸ੍ਰਾਮ ਰੱਖਣ ਵਾਲੇ ਗੁਰਮਤਿ ਨਾਮ ਦੇ ਸਦਰਸ਼ (ਸਮਾਨ) ਸਗਲ ਮਤਾਂਤ ਦੇ ਦਸੇ ਵਖਿਆਨੇ ਕਰਮ ਨਹੀਂ । ਸਗਲ ਮਤਾਂਤੀ ਸਮੂਹ ਕਰਮ, ਗੁਰਮਤਿ ਨਾਮ ਜਾਪ ਕਰਮ ਦੀ ਸਦਰਸ਼ਤਾ ਨਹੀਂ ਰੱਖਦੇ । ਤਾਂਤੇ ਤਿਨ੍ਹਾਂ ਦੇ ਕਰਨ ਦੀ ਲੋੜ ਨਹੀਂ । ਗੁਰਸਿਖਾਂ ਨੂੰ ਕੇਵਲ ਇਕੋ ਨਾਮ ਅਭਿਆਸ ਕਰਮ ਦੀ ਲੋੜ ਹੈ । 'ਨਾਨਕ ਹਰਿ ਕੀਰਤਨੁ ਕਰਿ ਅਟਲੁ ਏਹੁ ਧਰਮ ॥' ਭਾਵ ਸਾਰੇ ਧਰਮਾਂ ਸਿਰਿ ਅਟੱਲ ਧਰਮ ਅਤੇ ਸਾਰੇ ਧਰਮਾਂ ਦੇ ਕਰਮਾਂ ਸਿਰਿ ਅਟੱਲ ਕਰਮੁ ਸਿਫਤਿ ਸਾਲਾਹ ਹਰਿ ਕੀਰਤਨ ਰੂਪੀ ਸਚੜਾ ਕਰਮੁ ਅਤੇ ਸਚੜਾ ਧਰਮੁ ਹੈ । ਜੋ ਕੇਵਲ ਗੁਰੂ ਨਾਨਕ ਸਾਹਿਬ ਦੇ ਪਰਚੁਰੇ ਅਟੱਲ ਮਤਿ ਗੁਰਮਤਿ ਨੇ ਪ੍ਰਤਿਪਾਦਨ ਕੀਤਾ ਹੈ । ਹੋਰ ਕਿਸੇ ਨੇ ਨਹੀਂ ਕੀਤਾ ।

**(ਚਲਦਾ ਹੈ)**


www.AKJ.Org

# ਰੰਗ-ਰਤੜੇ ਬਾਊ ਮੱਲ ਸਿੰਘ ਜੀ

*(ਵਲੋਂ : ਪ੍ਰੋਫੈਸਰ ਠਾਕੁਰ ਸਿੰਘ ਜੀ)*

ਅਖੰਡ ਕੀਰਤਨੀ ਜੱਥੇ ਦੇ ਮਹਾਨ ਸਤਿਕਾਰਯੋਗ ਤੇ ਹਰਮਨ ਪਿਆਰੇ, ਕਰਨੀ ਤੇ ਕਮਾਈ ਦੇ ਉਚੇ ਸੁਚੇ, ਗੁਰਮਤਿ ਦੀਆਂ ਨਜ਼ੀਰਾਂ ਕਾਇਮ ਕਰਨ ਵਾਲੇ ਰੰਗਲੇ ਸੱਜਣ ਮਾਨਯਵਰ ਬਾਊ ਮੱਲ ਸਿੰਘ ਜੀ ਦਾ ਜੀਵਨ ਅਲੌਕਿਕ ਤੇ ਅਸਚਰਜ ਘਟਨਾਵਾਂ ਨਾਲ ਭਰਪੂਰ ਹੈ । ਆਪ ਦੀ ਪਾਰਸ-ਰਸਾਇਣੀ ਛੁਹ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਗੁਰਮਤਿ ਦੀ ਲਾਗ ਲਗੀ ਅਤੇ ਬੇਅੰਤ ਪ੍ਰਾਣੀ ਆਪ ਦੀਆਂ ਅਰਦਾਸਾਂ ਸਦਕਾ ਗੁਰੂ-ਘਰੋਂ ਵਰੋਸਾਇ ਗਏ । ਅਨੇਕਾਂ ਦੇ ਪ੍ਰਮਾਰਥ ਸੁਧਰੇ ਤੇ ਅਨੇਕਾਂ ਦੇ ਸੁਆਰਥ ਪੂਰੇ ਹੋਏ । ਆਪ ਜੀ ਦੀ ਪਿਆਰ-ਗਲਵਕੜੀ ਦੀ ਮਿਲੌਣੀ ਸਭ ਨੂੰ ਮੋਹ ਲੈਂਦੀ ਸੀ । ਆਪ ਜੀ ਦਾ ਚੁੰਬਕੀ ਜੀਵਨ ਸਭ ਨੂੰ ਖਿੱਚ ਪਾਉਂਦਾ ਸੀ । ***"ਗੁਰਮਤਿ ਰਿਦੈ ਗਰੀਬੀ ਆਵੈ"*** ਵਾਕ ਅਨੁਸਾਰ ਅਤਿ ਦੀ ਨਾਮ-ਗਰੀਬੀ ਆਪ ਦੇ ਅੰਦਰ ਵੱਸਦੀ ਸੀ । ਜਦੋਂ ਕੋਈ ਗੁਰਸਿੱਖ ਉਨ੍ਹਾਂ ਦੇ ਘਰ ਚੱਲ ਕੇ ਜਾਂਦਾ ਤਾਂ ਉਸ ਤੋਂ ਵਾਰਨੇ ਬਲਿਹਾਰਨੇ ਹੁੰਦੇ ਅਤੇ ਚਰਨ ਧੋ ਧੋ ਕੇ ਪੀਣ ਤੱਕ ਜਾਂਦੇ। ਸਤਿਗੁਰੂ ਦਾ ਬਖਸ਼ਿਆ ਨਾਮ ਉਨ੍ਹਾਂ ਦੇ ਰੋਮ ਰੋਮ ਵਿੱਚ ਵੱਸਦਾ ਸੀ । ਉਨ੍ਹਾਂ ਉਪਰ ਸਤਿਗੁਰਾਂ ਦੀ ਪੂਰਨ ਬਖਸ਼ਿਸ਼ ਸੀ :

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥੧॥ ੧੯॥***

*(ਸਲੋਕ ਮ: ੩, ਪੰਨਾ ੬੪੯)*

ਇਹ ਗੁਰਵਾਕ ਆਪ ਜੀ ਤੇ ਇੰਨ ਬਿੰਨ ਘਟਦਾ ਸੀ । ਉਨ੍ਹਾਂ ਵਲੋਂ ਰਚਾਏ ਜਾਂਦੇ ਸਮਾਗਮਾਂ ਸਮੇਂ ਇਹੋ ਹੁਕਮਨਾਮਾ ਕਈ ਵਾਰੀ ਆਉਂਦਾ ਰਿਹਾ । ਉਨ੍ਹਾਂ ਦਾ ਇਹ ਲੋਕ ਵੀ ਸੁਹੇਲਾ ਸੀ ਤੇ ਪਰਲੋਕ ਵੀ । ਜਿਥੇ ਦੁਨਿਆਵੀ ਪਦਾਰਥਾਂ ਵਲੋਂ ਕੋਈ ਘਾਟ ਨਹੀਂ ਸੀ, ਉਥੇ ਪ੍ਰਮਾਰਥੀ ਬਖਸ਼ਿਸ਼ਾਂ ਸਿਖਰਾਂ ਛੂੰਹਦੀਆਂ ਸਨ । ਕਾਮਯਾਬੀ ਸਦਾ ਉਨ੍ਹਾਂ ਦੇ ਪੈਰ ਚੁੰਮਦੀ ਸੀ । ਆਪ ਜੀ ਨਾਮੁਮਕਿਨ ਨੂੰ ਮੁਮਕਿਨ ਬਣਾ ਦਿੰਦੇ ਸਨ । ਭਾਰਤੀ ਉਜਾੜੇ ਤੋਂ ਪਹਿਲਾਂ ਉਕਾੜਾ (ਪਾਕਿਸਤਾਨ) ਵਿੱਚ ਆਪ ਜੀ ਦੇ ਦੋ ਮੁਰੱਬੇ ਜ਼ਮੀਨ ਸੀ ।

ਆਪ ਨੇ ਤਕਰੀਬਨ ੬੫-੭੦ ਵਰ੍ਹੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗ-ਸਾਥ ਅਤੇ ਪਿਛੋਂਅਖੰਡ ਕੀਰਤਨੀ ਜੱਥੇ ਦੇ ਨਿਰਮਾਣ ਤੇ ਅਥੱਕ ਸੇਵਾ ਕੀਤੀ । ਹਜ਼ਾਰਾਂ ਪ੍ਰਾਣੀਆਂ ਨੂੰ ਪੰਚਮ ਦੀ ਜਥੇਦਾਰੀ ਦੀ ਸੇਵਾ ਨਿਭਾਉਂਦਿਆਂ ਹੋਇਆਂ ਅੰਮ੍ਰਿਤ ਪਾਨ ਕਰਵਾਇਆ ਅਤੇ ***"ਜੀਅ ਦਾਨੁ ਦੇ ਭਗਤੀ ਲਾਇਨਿ"*** (ਸੂਹੀ ਮ: ੫॥੨॥੭॥੫੪ ਪੰਨਾ ੭੪੯) ਦੇ ਵਾਕ ਅਨੁਸਾਰ ਸਤਿਗੁਰਾਂ ਪਾਸੋਂ ਜੀਅ-ਦਾਨ ਦਿਵਾਇਆ । ਪੰਜਾਬ ਦੇ ਕੋਨੇ ਕੋਨੇ ਵਿੱਚ ਅਤੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਬੰਬੇ, ਦਿੱਲੀ, ਕਲਕੱਤਾ, ਕਾਨ੍ਹਪੁਰ, ਬਰੇਲੀ, ਕੋਟਾ, ਆਗਰਾ, ਭੂਪਾਲ, ਪਟਨਾ ਸਾਹਿਬ ਤੋਂ ਇਲਾਵਾ ਪੋਠੋਹਾਰ ਰਾਵਲਪਿੰਡੀ, ਪਿਸ਼ਾਵਰ ਤੇ ਕਸ਼ਮੀਰ ਆਦਿਕ ਥਾਵਾਂ ਤੇ ਪੁਜ ਪੁਜ ਕੇ ਬੇਅੰਤ ਚੜ੍ਹਦੀਆਂ ਕਲਾਂ ਵਾਲੇ ਅਨੂਠੇ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ-ਸੰਚਾਰ ਸਮਾਗਮਾਂ ਵਿੱਚ ਸਤਿਗੁਰਾਂ ਦੇ ਵਰਤਾਏ ਕਲਾ-ਕ੍ਰਿਸ਼ਮੀ ਕੌਤਕਾਂ ਦੇ ਰੰਗ ਆਪ ਮਾਣਦੇ ਰਹੇ ਅਤੇ ਗੁਰਸਿੱਖ ਭੌਰਿਆਂ ਨੂੰ ਪ੍ਰੇਰ ਪ੍ਰੇਰ ਕੇ ਅੰਮ੍ਰਿਤ ਰਸ ਭੁੰਚਾਉਂਦੇ ਰਹੇ ।

ਕੁਮਾਰਹੱਟੀ ਦੀਆਂ ਪਹਾੜੀ ਚੋਟੀਆਂ ਨੂੰ ਬੜੇ ਭਾਗ ਲਾਏ । ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕੀਤੀਆਂ । ਇਹ ਗੂੰਜਾਂ ਅੱਜ ਵੀ ਉਥੋਂ ਦੀ ਪਉਣ ਵਿੱਚ ਗੂੰਜਦੀਆਂ ਹਨ । ਉਥੋਂ ਦੀਆਂ ਸੀਤਲ ਤੇ ਠੰਢੀਆਂ ਮਿੱਠੀਆਂ ਪਵਣ-ਫੁਹਾਰਾਂ ਅੱਜ ਵੀ ਅਭਿਆਸੀ ਜਨਾਂ ਨੂੰ ਨਾਮ-ਅਭਿਆਸ-ਖੇੜੇ ਦਾ ਰੁਮਕਾ ਰੁਮਕਾਅ ਦਿੰਦੀਆਂ ਹਨ ।

---

*ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੪


www.AKJ.Org

## ਜਨਮ ਅਤੇ ਬਚਪਨ

ਸੰਨ ੧੯੨੯ ਈਸਵੀ ਵਿੱਚ ਪਿੰਡ ਸਰਲੀ, ਜ਼ਿਲਾ ਅੰਮ੍ਰਿਤਸਰ ਵਿਖੇ ਪਿਤਾ ਕਾਹਨ ਸਿੰਘ ਤੇ ਮਾਤਾ ਗੁਲਾਬ ਕੌਰ ਜੀ ਦੇ ਗ੍ਰਹਿ ਵਿਖੇ ਆਪ ਜੀ ਦਾ ਜਨਮ ਹੋਇਆ।ਤਿੰਨ ਵੀਰਾਂ ਅਤੇ ਦੋ ਭੈਣਾਂ ਵਿਚੋਂ ਆਪ ਜੀ ਸਭ ਤੋਂ ਛੋਟੇ ਸਨ। ਭੈਣਾਂ ਦੋਵੇਂ ਵਿਆਹੀਆਂ ਹੋਈਆਂ ਸਨ। ਆਪ ਜੀ ਅਜੇ ਛੇ ਕੁ ਵਰ੍ਹਿਆਂ ਦੇ ਸਨ ਅਤੇ ਵੱਡੇ ਭਾਈ ਸ: ਵਰਿਆਮ ਸਿੰਘ ਜੀ ਸੋਲ੍ਹਾਂ ਕੁ ਸਾਲਾਂ ਦੇ ਸਨ, ਜਦ ਆਪ ਜੀ ਦੇ ਪ੍ਰਿਤਾ ਜੀ ਚੜ੍ਹਾਈ ਕਰ ਗਏ।

ਬਾਊ ਮੱਲ ਸਿੰਘ ਜੀ ਦੇ ਪਿਤਾ ਬਾਬਾ ਕਾਹਨ ਸਿੰਘ ਜੀ ਨੂੰ ਆਪਣੀਆਂ ਕੁਝ ਮਜਬੂਰੀਆਂ ਕਰਕੇ ਜ਼ਿੰਦਗੀ ਦੇ ਤਕਰੀਬਨ ੨੬ ਸਾਲ ਆਪਣੀ ਵੱਡੀ ਭੈਣ (ਜਥੇਦਾਰ ਊਧਮ ਸਿੰਘ ਜੀ ਦੀ ਦਾਦੀ) ਦੇ ਪਾਸ ਪਿੰਡ ਨਾਗੋਕੇ ਗੁਜ਼ਾਰਨੇ ਪਏ ਸਨ। ਨਾਗੋਕੇ ਪਿੰਡ ਸਰਲੀ ਤੋਂ ਤਿੰਨ ਮੀਲ ਹੈ।

੧੯੨੩-੨੪ ਵਿੱਚ ਸਿੰਘ ਸਭਾ ਲਹਿਰ ਇਲਾਕੇ ਵਿੱਚ ਚਲ ਪਈ ਸੀ ਤੇ ਇਨ੍ਹਾਂ ਦੇ ਮਾਤਾ ਪਿਤਾ ਨੂੰ ਗੁਰਸਿੱਖੀ ਦੀ ਲਗਨ ਲੱਗ ਗਈ ਸੀ। ਲੋਕੀਂ ਆਪ ਜੀ ਦੇ ਪਿਤਾ ਨੂੰ 'ਭਾਈ ਕਾਹਨ ਸਿੰਘ ਜੀ' ਕਹਿ ਕੇ ਪੁਕਾਰਦੇ ਤੇ ਸਤਿਕਾਰਦੇ ਸਨ।

ਇਸ ਸਮੇਂ ਦੀ ਇਕ ਵੈਰਾਗਮਈ ਵਾਰਤਾ ਬਾਊ ਜੀ ਆਪਣੀ ਜ਼ਬਾਨੀ ਇਸ ਤਰ੍ਹਾਂ ਸੁਣਾਇਆ ਕਰਦੇ ਸਨ ਕਿ ਜਦ ਪਿਤਾ ਜੀ ਚੜ੍ਹਾਈ ਕਰਨ ਲੱਗੇ ਤਾ ਕਈ ਆਂਢੀ ਗੁਆਂਢੀ ਇਕੱਠੇ ਹੋ ਗਏ ਅਤੇ ਉਨ੍ਹਾਂ ਵਿਚੋਂ ਇਕ ਨੇ ਪਿਤਾ ਜੀ ਨੂੰ ਕਿਹਾ, "ਕਾਹਨ ਸਿੰਘਾ ! ਅਜੇ ਸਾਰਾ ਆਵਾ ਕੱਚਾ ਹੈ।" ਪਿਤਾ ਜੀ ਨੇ ਬੜੀ ਗੰਭੀਰਤਾ ਅਤੇ ਠਰ੍ਹੰਮੇ ਨਾਲ ਉਤਰ ਦਿੱਤਾ ਕਿ ਇਹ ਠੀਕ ਹੈ, ਪਰ ਮੇਰੇ ਪੁੱਤਰ ਕਿਸੇ ਦਾ ਉਲਾਂਭਾ ਨਹੀਂ ਲਿਆਉਣਗੇ।

ਘਰ ਦੀ ਸੰਭਾਲ ਕਰਨ ਵਾਲਾ, ਮਾਤਾ ਜੀ ਤੋਂ ਬਿਨਾਂ ਹੋਰ ਕੋਈ ਬਜ਼ੁਰਗ ਘਰ ਵਿੱਚ ਨਹੀਂ ਸੀ। ਘਰ ਵਿੱਚ ਅਤਿ ਦੀ ਗਰੀਬੀ ਵਰਤ ਗਈ। ਇਸੇ ਉਮਰੇ ਮਾਤਾ ਜੀ ਨੇ ਆਪਣੇ ਛੋਟੇ ਪੁੱਤਰ ਮੱਲ ਸਿੰਘ ਨੂੰ ਸਕੂਲੇ ਪੜ੍ਹਨੇ ਪਾ ਦਿੱਤਾ, ਜੋ ਕਿ ਬੜਾ ਹੋਣਹਾਰ ਸਾਬਤ ਹੋਇਆ।

ਇਨ੍ਹਾਂ ਦਿਨਾਂ ਵਿੱਚ ਗੁਰੂ-ਬੰਸ ਦੇ ਵਿਅਕਤੀਆਂ ਦੀ ਬੜੀ ਇੱਜ਼ਤ ਸੀ। ਦਿਵਾਲੀ ਵਿਸਾਖੀ ਸਮੇਂ ਜਦੋਂ ਉਹ ਪਿੰਡਾਂ ਵਿੱਚ ਸਿੱਖੀ ਪਰਚਾਰ ਲਈ ਚੱਕਰ ਲਾਉਂਦੇ ਸਨ ਤਾਂ ਉਨ੍ਹਾਂ ਨੂੰ 'ਗੁਰੂ ਕੇ' ਆਖ ਕੇ ਸਤਿਕਾਰਿਆ ਜਾਂਦਾ ਸੀ।

ਮੱਲ ਸਿੰਘ ਜੀ ਤੀਜੀ ਜਮਾਤੇ ਪੜ੍ਹਦੇ ਸਨ ਕਿ ਇਨ੍ਹਾਂ ਦੇ ਪਿੰਡ ਸਰਲੀ ਵਿਖੇ ਬਟਾਲੇ ਤੋਂ ਬੇਦੀ ਬੰਸ ਦੇ ਬਾਬਾ ਜੀ ਫੇਰੀ ਤੇ ਆਏ , ਤਾਂ ਮਾਂ ਨੇ ਬੇਟੇ ਨੂੰ ਇਕ ਦਮੜਾ ਦਿੱਤਾ ਤੇ ਕਿਹਾ ਕਿ ਗੁਰੂ ਕਿਆਂ ਨੂੰ ਮੱਥਾ ਟੇਕ ਆਓ। ਉਹ ਗਏ ਤੇ ਦਮੜਾ ਅੱਗੇ ਰੱਖ ਕੇ ਮੱਥਾ ਟੇਕ ਆਏ। ਵਾਪਸ ਆ ਕੇ ਮਾਤਾ ਨੂੰ ਕਹਿਣ ਲਗੇ, "ਮਾਂ ਜੀ, ਗੁਰ ਕੇ ਝੁੰਗਲਮਾਟਾ ਕਰਕੇ ਚੁਪ ਬੈਠੇ ਸਨ ਤੇ ਮੈਂ ਆਪਣਾ ਦਮੜਾ ਅੱਗੇ ਰੱਖ ਕੇ ਮੱਥਾ ਟੇਕ ਆਇਆ ਹਾਂ। ਉਹ ਇਸ ਤਰ੍ਹਾਂ ਚੁਪ ਕਰਕੇ ਚਾਦਰ ਲੈ ਕੇ ਕਿਉਂ ਬੈਠੇ ਸਨ ?" ਮਾਂ ਕਹਿਣ ਲੱਗੀ, "ਬੇਟਾ, ਉਹ ਇਕਾਂਤ ਵਿੱਚ ਬੈਠ ਕੇ ਭਜਨ-ਪਾਠ ਕਰਦੇ ਹਨ। ਬੇਟੇ ਨੇ ਫੇਰ ਪੁਛਿਆ ਕਿ ਮਾਂ ਜੀ, ਭਜਨ ਕੀ ਹੁੰਦਾ ਹੈ ? ਤਾਂ ਮਾ ਨੇ ਸਹਿਜ-ਭਾ ਵਿੱਚ ਬੱਚੇ ਨੂੰ ਪਿਆਰ ਨਾਲ ਦੱਸਿਆ ਕਿ ਗੁਰਬਾਣੀ ਦਾ ਪਾਠ ਕਰਦੇ ਉਹ ਅਨੰਦ ਮਾਣਦੇ ਹਨ ਤੇ ਇਉਂ ਰੱਬ ਦੀ ਭਗਤੀ ਕਰਦੇ ਹਨ। ਬੱਸ ਇਹ ਗੱਲ ਆਪ ਦੇ ਮਨ ਵਿੱਚ ਘਰ ਕਰ ਗਈ ਅਤੇ ਅੰਤਸ਼-ਕਰਣ ਦੀ ਤਖ਼ਤੀ ਤੇ ਅਮਿੱਟ ਲਕੀਰ ਵਾਂਗ ਉਕਰੀ ਗਈ। ਸ਼ੀਘਰ ਹੀ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ ਜਪੁਜੀ ਦਾ ਉਰਦੂ ਵਿੱਚ ਗੁਟਕਾ ਮੰਗਵਾਇਆ। ਆਪ ਰੋਜ਼ਾਨਾ ਨੇਮ ਨਾਲ ਸਵੇਰੇ ਘਰ ਦੇ ਸਾਹਮਣੇ ਦੀ ਢਾਬ ਵਿੱਚ ਇਸ਼ਨਾਨ ਕਰਕੇ ਘਰ ਆ ਜਾਣਾ ਅਤੇ ਜਪੁ ਜੀ ਦਾ ਪਾਠ ਕਰਨਾ। ਮਾਂ ਨੇ ਨਾਲੇ ਚਰਖਾ ਕੱਤਣਾ ਤੇ ਨਾਲੇ ਪਾਠ ਸੁਨਣਾ। ਇਹ ਪਾਠ ਉਸ ਦਿਨ ਤੋਂ ਹੀ ਆਪ ਜੀ ਦਾ, ਸਾਰੀ ਜ਼ਿੰਦਗੀ ਦਾ ਅੰਮ੍ਰਿਤ ਵੇਲੇ ਦਾ ਨਿਤਨੇਮ ਬਣ ਗਿਆ ਜੋ ਸਤਿਗੁਰੂ ਜੀ ਨੇ ਸਾਰੀ ਆਯੂ ਪੂਰੀ ਤਰ੍ਹਾਂ ਨਿਭਾਇਆ। ਬਾਲ-ਵਰੇਸ ਦੇ ਨਿਰਛਲ ਸਵੱਛ ਹਿਰਦੇ ਵਿੱਚ ਗੁਰਬਾਣੀ ਦਾ ਅੰਕੁਰ ਬੀਜ ਬੀਜਿਆ ਗਿਆ। ਇਸ ਅੰਕੁਰ ਨੇ ਫਲੀਭੂਤ ਹੋਣਾ ਹੀ ਸੀ। ਇਹ ਅੰਕੁਰ ਅੰਤ ਨੂੰ ***"ਪੂਰਬ ਜਨਮ ਕੇ ਮਿਲੇ ਸੰਜੋਗੀ"*** ਦੇ ਅਟੱਲ ਹੁਕਮ ਵਿੱਚ ਜੁਬਾ ਅਵਸਥਾ ਸਮੇਂ, ਸ੍ਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਨਾਲ ਧੁਰੋਂ ਲਿਖਿਆ ਸੰਜੋਗ ਮੇਲ ਹੋਣ ਉਪਰੰਤ, ਕਿਵੇਂ ਭਰਪੂਰ ਹੋ ਕੇ ਫੁਲਿਆ ਫਲਿਆ, ਇਸ ਦੀ ਸੰਖੇਪ ਕਥਾ ਅਗਲੇ ਪੰਨਿਆਂ ਵਿੱਚ ਅੰਕਿਤ ਹੈ।


www.AKJ.Org

ਸ੍ਰੀਮਾਨ ਬਾਊ ਜੀ ਨੇ ਪੰਜਵੀਂ ਜਮਾਤ ਪਾਸ ਕੀਤੀ ਤਾਂ ਗੁਰੂ ਕੇ ਜਦ ਉਸ ਸਾਲ ਫੇਰੇ ਤੇ ਆਏ ਤਾਂ ਇਸ ਬੱਚੇ ਨੂੰ ਹੋਣਹਾਰ ਜਾਤਾ ਤੇ ਘਰ ਦੀ ਗਰੀਬੀ ਨੂੰ ਮੁਖ ਰੱਖ ਕੇ, ਅਗਲੀ ਪੜ੍ਹਾਈ ਜਾਰੀ ਰੱਖਣ ਲਈ ਆਪਣੇ ਪਾਸ ਬਟਾਲੇ ਭੇਜਣ ਲਈ ਪੱਕੀ ਕਰ ਗ਼ਏ। ਬਟਾਲਾ ਸਰਲੀ ਤੋਂ ੩੦-੩੫ ਮੀਲ ਹੈ। ਇਨ੍ਹਾਂ ਦੇ ਵੱਡੇ ਭਾਈ ਸ: ਵਰਿਆਮ ਸਿੰਘ ਇਨ੍ਹਾਂ ਨੂੰ ਬਟਾਲੇ ਛੱਡਣ ਗਏ ਅਤੇ ਮੁੜਨ ਲੱਗਿਆਂ ਆਪਣੇ ਭਾਈ ਨੂੰ ਪੱਕੀ ਕੀਤੀ ਕਿ ਇਹ ਗੁਰੂ ਕਿਆਂ ਦਾ ਘਰ ਹੈ, ਸੇਵਾ ਤੋਂ ਮੇਵਾ ਅਤੇ ਟਹਿਲ ਤੋਂ ਮਹਿਲ ਮਿਲਦਾ ਹੈ; ਸੇਵਾ ਕਰੀਂ, ਉਸ ਤੋਂ ਸਭ ਕੁਝ ਮਿਲੇਗਾ।

ਗੁਰੂ ਕਿਆਂ ਦੇ ਪਰਿਵਾਰ ਨੇ ਬੜੇ ਪਿਆਰ ਨਾਲ 'ਜੀ ਆਇਆਂ' ਅਖਿਆ ਤੇ ਸੰਭਾਲ ਲਈ ਤਸੱਲੀ ਦਿੱਤੀ। ਪਹਿਲੇ ਦਿਨ ਤੋਂ ਹੀ ਬਾਲਕ ਮੱਲ ਸਿੰਘ ਜੀ ਸੇਵਾ ਵਿੱਚ ਜੁਟ ਗਏ। ਪੜ੍ਹਾਈ ਤੋਂ ਵਿਹਲੇ ਹੋ ਕੇ ਘਰ ਵਿੱਚ ਹਰ ਕਿਸਮ ਦੀ ਸੇਵਾ ਕਰਨੀ। ਉਨ੍ਹਾਂ ਦਿਨਾਂ ਵਿੱਚ ਬਾਹਰੋਂ ਖੂਹਾਂ ਤੋਂ ਪਾਣੀ ਢੋਹਣਾ ਹੁੰਦਾ ਸੀ। ਆਪ ਜੀ ਨੇ ਸਾਰਾ ਵਕਤ ਪਾਣੀ ਢੋਹਣਾ, ਭਾਂਡੇ ਮਾਂਜਣਾ ਅਤੇ ਘਰ ਵਿੱਚ ਜੋ ਵੀ ਸੇਵਾ ਮਿਲੇ, ਉਸ ਲਈ ਸਦਾ ਤਤਪਰ ਰਹਿਣਾ। ਥੋੜ੍ਹੇ ਸਮੇਂ ਵਿੱਚ ਹੀ ਗੁਰੂ ਕਿਆਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਅਜਿਹਾ ਪ੍ਰਸੰਨ ਕੀਤਾ ਤੇ ਉਨ੍ਹਾਂ ਵਿੱਚ ਅਜਿਹੇ ਰਚ ਮਿਚ ਗਏ ਕਿ ਗੁਰੂ ਕੇ ਇਨ੍ਹਾਂ ਨੂੰ ਆਪਣਾ ਚੌਥਾ ਪੁੱਤਰ ਕਹਿਣ ਲੱਗ ਪਏ। ਅੱਗੇ ਉਨ੍ਹਾਂ ਦੇ ਤਿੰਨ ਪੁੱਤਰ ਸਨ।

## *ਫੌਜੀ ਨੌਕਰੀ*

ਅਜੇ ਨੌਵੀਂ ਜਮਾਤ ਵਿੱਚ ਹੀ ਬਟਾਲੇ ਪੜ੍ਹਦੇ ਸਨ ਕਿ ਗੁਰੂ ਨੇਤ ਨਾਲ ਆਪ ਦੇ ਜੀਵਨ ਦਾ ਕਾਂਟਾ ਬਦਲਣ ਦੀ ਬਿਧ ਆ ਬਣੀ। ਘਰ ਦਿਆਂ ਨਾਲ ਸਲਾਹ ਕਰਕੇ ਇਕ ਰਿਸ਼ਤੇਦਾਰ ਦੇ ਵਸੀਲੇ ਨਾਲ ਕੋਇਟੇ ਜਾ ਕੇ ੩੬ ਨੰਬਰ ਰਸਾਲੇ ਵਿੱਚ ਭਰਤੀ ਹੋ ਗਏ। ਉਨ੍ਹੀਂ ਦਿਨੀਂ ਰਸਾਲੇ ਦੇ ਘੋੜ-ਚੜ੍ਹੇ ਸਵਾਰਾਂ ਦੀ ਬੜੀ ਸ਼ਾਨ ਹੁੰਦੀ ਸੀ। ਕੁਝ ਸਮੇਂ ਪਿਛੋਂ ਆਪ ਜੀ ਫੌਜੀ ਬਰਦੀ ਵਿੱਚ ਸਜੇ ਹੋਏ ਗਭਰੂ, ਜੁਆਨ ਬਰੇਸ, ਸ਼ਾਨਦਾਰ ਘੋੜੇ ਤੇ ਸਵਾਰ, ਨਾਲ ਘੋੜੇ ਦੀ ਸੰਭਾਲ ਲਈ ਰਾਂਝਾ ਨਾਂ ਦਾ ਸਾਈਸ, ਪਿੰਡ ਨਾਗੋਕੀ ਸਰਲੀ ਜ਼ਿਲਾ ਲਾਇਲਪੁਰ ਵਿੱਚ ਪਹਿਲੀ ਰਜਾ (ਛੁੱਟੀ ਤੇ) ਆਏ। ਇਥੇ ਇਨ੍ਹਾਂ ਦੇ ਵੱਡੇ ਭਾਈ ਵਰਿਆਮ ਸਿੰਘ ਨੂੰ ਇਕ ਮੁਰੱਬਾ ਜ਼ਮੀਨ ਮਿਲ ਗਈ ਹੋਈ ਸੀ ਤੇ ਸਾਰਾ ਪਰਿਵਾਰ ਉਥੇ ਹੀ ਵੱਸਦਾ ਸੀ। ਸੱਤ ਮਹੀਨਿਆਂ ਦੀ ਪਹਿਲੀ ਛੁੱਟੀ ਸੀ। ਸਾਰੇ ਪਰਵਾਰ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਚਾਉ ਨਾ ਚੁਕੇ ਜਾਣ। ਛੁੱਟੀ ਕੱਟ ਕੇ ਆਪ ਜੀ ਫਿਰ ਰਸਾਲੇ ਵਿੱਚ ਜਾ ਹਾਜ਼ਰ ਹੋਏ।

ਓਦੋਂ ਅੰਗਰੇਜ਼ੀ ਪੜ੍ਹੇ ਲਿਖੇ ਨੌਜਵਾਨ ਕੋਈ ਟਾਵੇਂ ਟਾਵੇਂ ਹੀ ਹੁੰਦੇ ਸਨ। ਅੰਗਰੇਜ਼ੀ ਪੜ੍ਹੇ-ਲਿਖੇ ਹੋਣ ਕਰਕੇ ਆਪ ਜੀ ਨੂੰ ਕਲਰਕ ਦੀ ਡਿਊਟੀ ਸੌਂਪ ਦਿੱਤੀ ਗਈ। ਇਸ ਕਰਕੇ ਆਪ ਜੀ "ਬਾਬੂ ਜੀ" ਦੇ ਨਾਮ ਨਾਲ ਪੁਕਾਰੇ ਜਾਣ ਲਗੇ। ਜਦੋਂ ਪਿਛੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਲ ਮੇਲ ਹੋਇਆ ਤਾਂ ਉਹ ਆਪ ਜੀ ਨੂੰ ਬਾਬੂ ਜੀ ਦੀ ਥਾਂ "ਬਾਊ ਜੀ" ਕਰ ਕੇ ਆਖਿਆ ਕਰਦੇ ਸਨ। ਨਿਤਨੇਮ ਬਾਣੀ ਦੇ ਆਪ ਪੱਕੇ ਨੇਮੀ ਪ੍ਰੇਮੀ ਬਣ ਚੁੱਕੇ ਸਨ ਅਤੇ ਆਪਣੀ ਫੌਜੀ ਡਿਊਟੀ ਵੀ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਸਨ, ਜਿਸ ਕਰਕੇ ਰਸਾਲੇ ਵਿੱਚ ਆਪ ਦਾ ਬੜਾ ਆਦਰ ਸਤਿਕਾਰ ਬਣਿਆ ਹੋਇਆ ਸੀ।

## *ਅਨੰਦ ਕਾਰਜ*

ਤਿੰਨ ਕੁ ਸਾਲ ਪਿਛੋਂ ਸੰਨ ੧੯੧੦ ਵਿੱਚ ਆਪ ਦੇ ਰਸਾਲੇ ਦੀ ਬਦਲੀ ਕੋਇਟੇ ਤੋਂ ਅੰਬਾਲੇ ਹੋ ਗਈ। ਆਪ ਦੇ ੩੬ ਨੰਬਰ ਰਸਾਲੇ ਦੇ ਹੈਡ ਕਲਰਕ ਸ: ਮਾਨ ਸਿੰਘ ਜੀ ਸਨ। ਆਪ ਜੀ ਦੇ ਕੰਮ-ਕਾਰ ਦੀ ਲਗਨ, ਦਿਆਨਤਦਾਰੀ ਅਤੇ ਸੁਚੇ ਇਖ਼ਲਾਕੀ ਗੁਣਾਂ ਤੋਂ ਸ: ਮਾਨ ਸਿੰਘ ਜੀ ਬੜੇ ਪ੍ਰਭਾਵਿਤ ਹੋਏ। ਉਨ੍ਹਾਂ ਨੇ ਕਪੂਰਥਲੇ ਸ਼ਹਿਰ ਵਿੱਚ ਇਕ ਚੰਗੇ ਖਾਨਦਾਨ ਵਿੱਚ ਆਪ ਦਾ ਰਿਸ਼ਤਾ ਕਰਵਾ ਦਿੱਤਾ। ਬੀਬੀ ਨਿਹਾਲ ਕੌਰ ਜੀ ਆਪ ਨੂੰ ਬੜੇ ਚੰਗੇ ਤੇ ਸੁਚੱਜੇ ਜੀਵਨ-ਸਾਥੀ ਮਿਲ ਗਏ।

*(ਚਲਦਾ ਹੈ)*



www.AKJ.Org

(ਵਲੋਂ : ਸੁਕਐਡਰਨ ਲੀਡਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਜੱਦਾਰ ਅਖੰਡ ਕੀਰਤਨੀ ਜੱਥਾ)

# ਅਦੁੱਤੀ ਸੰਜੋਗ

ਪੰਥ ਵੱਲੋਂ ਚਲਾਏ ਗਏ ਧਰਮ-ਯੁੱਧ ਮੋਰਚੇ ਦੇ ਸੰਬੰਧ ਵਿੱਚ, ਅਪ੍ਰੈਲ ੧੯੮੩ ਦੇ ਮਹੀਨੇ, ਦਾਸ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿੱਚ ਕੈਦ ਸੀ। ਦਾਸ ਨੂੰ ਇਕ ਬੈਰਿਕ ਵਿੱਚ, ਕੈਦੀਆਂ ਦੇ ਸੌਣ-ਬੈਠਣ ਵਾਲਾ ਇਕ ਪੱਕਾ ਥੜ੍ਹਾ ਮਿਲਿਆ ਹੋਇਆ ਸੀ। ਇਸ ਜਗ੍ਹਾ, ਗੁਰੂ ਕ੍ਰਿਪਾ ਸਦਕਾ, ਅੰਮ੍ਰਿਤ ਵੇਲੇ ਦਾ ਨੇਮ ਠੀਕ ਨਿਭ ਰਿਹਾ ਸੀ। ਲਾਗਲੇ ਲਾਗਲੇ ਥੜ੍ਹਿਆਂ ਦੇ ਚਾਰ ਪੰਜ ਅਕਾਲੀ ਵੀਰ ਭੀ ਉੱਠ ਕੇ ਇਸ਼ਨਾਨ ਪਾਣੀ ਕਰਕੇ ਰੱਬੀ ਯਾਦ ਵਿੱਚ ਬੈਠ ਜਾਂਦੇ। ਦਿਨ ਦੇ ਚੜ੍ਹਾਅ ਤੋਂ ਪਹਿਲਾਂ ਅਸੀਂ ਸਭੇ ਰਲ ਮਿਲ ਕੇ ਨਿਤਨੇਮ ਕਰਦੇ। ਨਿਤਨੇਮ ਵਿੱਚ ਸੁਖਮਨੀ ਸਾਹਿਬ, ਆਸਾ ਦੀ ਵਾਰ ਅਤੇ ਛੱਕੇ ਭੀ ਸ਼ਾਮਿਲ ਹੁੰਦੇ ਸਨ। ਨਿਤਨੇਮ ਦੀ ਅਰਦਾਸ ਤੋਂ ਪਹਿਲਾਂ ਸਾਰੇ ਜਾਣੇ ਰਲ ਮਿਲ ਕੇ *"ਇਹਸੁਖਿਬਿਹਾਨੀਰਾਤੇ...(੧੨੦੯)"* ਵਾਲਾ ਸ਼ਬਦ ਖੂਬ ਰੰਗਾਂ ਵਿੱਚ ਪੜ੍ਹਦੇ।

ਇਹ ਪ੍ਰੋਗਰਾਮ ਚਲਦੇ ਨੂੰ ਕਈ ਦਿਨ ਹੋ ਗਏ ਸਨ। ਇਕ ਦਿਨ ਬੜੇ ਜ਼ੋਰ ਦੀ ਬਾਰਸ਼, ਗੜੇ ਅਤੇ ਠੰਢੀ ਹਵਾ ਨੇ ਆਣ ਅਖਾੜਾ ਮੱਲਿਆ। ਸਾਰਾ ਦਿਨ ਹੀ ਬਾਰਸ਼ ਹੁੰਦੀ ਰਹੀ। ਕਈ ਬਾਰ ਝਵੀਆਂ ਲੈ ਲੈ ਕੇ ਗੜੇ ਬਰਸੇ। ਰਾਤ ਭੀ ਥੋੜ੍ਹੀ ਬਹੁਤ ਕਿਣ-ਮਿਣ ਲੱਗੀ ਹੀ ਰਹੀ। ਸਾਡੇ ਹਾਤੇ ਦੇ ਵਿਹੜੇ ਵਿੱਚ ਫੁੱਟ ਫੁੱਟ ਪਾਣੀ ਖੜਾ ਹੋ ਗਿਆ, ਜਿਸ ਕਾਰਨ ਗੁਸਲਖਾਨੇ ਤੱਕ ਜਾਣਾ ਬਹੁਤ ਹੀ ਮੁਸ਼ਕਿਲ ਹੋ ਗਿਆ। ਦਾਸ ਨੇ ਤਾਂ ਅੰਮ੍ਰਿਤ ਵੇਲੇ ਦੇ ਇਸ਼ਨਾਨ ਲਈ, ਸ਼ਾਮੀਂ ਹੀ ਪਾਣੀ ਦੀ ਬਾਲਟੀ ਭਰ ਕੇ ਆਪਣੇ ਪਾਸ ਢੱਕ ਕੇ ਰੱਖ ਲਈ ਹੋਈ ਸੀ। ਏਸੇ ਜਲ ਨਾਲ ਹੀ ਅੰਮ੍ਰਿਤ ਵੇਲੇ ਦੇ ਇਸ਼ਨਾਨ ਦਾ ਕੰਮ ਸਾਰ ਲਿਆ। ਗੜਿਆਂ ਦੇ ਕਾਰਨ ਅਤਿ ਦੀ ਠੰਢ ਹੋਈ ਪਈ ਸੀ। ਕੈਦੀਆਂ ਪਾਸ ਜਿਤਨੇ ਕੰਬਲ ਸਨ, ਉਨ੍ਹਾਂ ਸਾਰਿਆਂ ਨੂੰ ਓੜ੍ਹ ਕੇ ਆਪਣਾ ਮੂੰਹ ਸਿਰ ਵਲ੍ਹੇਟੀ ਕੰਬਲਾਂ ਵਿੱਚ ਦੜੇ ਪਏ ਸਨ। ਕੋਈ ਹਿਲਦਾ ਤੱਕ ਨਹੀਂ ਸੀ।

ਉਸ ਦਿਨ ਅੰਮ੍ਰਿਤ ਵੇਲੇ ਆਪਣੇ ਆਪ ਨੂੰ ਇਕੱਲੇ ਬੈਠੇ ਤੱਕ ਕੇ ਦਾਸ ਦਾ ਧਿਆਨ ਇਸ ਸ਼ਬਦ ਉੱਤੇ ਜਾ ਟਿਕਿਆ :-

੧. *ਭਲਕੇਉਠਿਪਰਾਹੁਣਾਮੇਰੈਘਰਿਆਵਉ ॥*
੨. *ਪਾਉਪਖਾਲਾਤਿਸਕੇਮਨਿਤਨਿਨਿਤਭਾਵਉ ॥*
੩. *ਨਾਮੁਸੁਣੇਨਾਮੁਸੰਗ੍ਰਹੈਨਾਮੇਲਿਵਲਾਵਉ ॥*
੪. *ਗ੍ਰਿਹੁਧਨੁਸਭੁਪਵਿਤ੍ਰੁਹੋਇਹਰਿਕੇਗੁਣਗਾਵਉ ॥*
੫. *ਹਰਿਨਾਮਵਾਪਾਰੀਨਾਨਕਾਵਡਭਾਗੀਪਾਵਉ ॥੨॥੧॥* (੩੧੮)

ਇਹ ਸਾਰਾ ਸ਼ਬਦ ਮਨ ਨੂੰ ਬੜਾ ਹੀ ਚੰਗਾ ਲੱਗਾ। ਦਾਸ ਨੇ ਇਸ ਨੂੰ ਕਈ ਬਾਰ ਪੜ੍ਹਿਆ। ਜਿਉਂ ਜਿਉਂ ਇਸ ਨੂੰ ਪੜ੍ਹਾਂ ਤਿਉਂ ਤਿਉਂ ਮਨ ਵਿਗਸਦਾ ਜਾਵੇ। ਖ਼ਿਆਲ ਆਇਆ ਕਿ ਗੁਰੂ ਸਾਹਿਬ ਜੀ ਨੇ, ਇਸ ਸ਼ਬਦ ਰਾਹੀਂ, ਗੁਰਸਿਖਾਂ ਨੂੰ ਗੁਰਸਿਖਾਂ ਨਾਲ ਅੰਮ੍ਰਿਤ ਵੇਲੇ ਦੀ ਸਾਂਝ ਕਰਨ ਹਿਤ, ਕਿਤਨੇ ਪਿਆਰ, ਸਤਿਕਾਰ, ਚਾਅ ਅਤੇ ਉਤਸ਼ਾਹ-ਭਰਪੂਰ ਜੋਦੜੀ ਬਖਸ਼ੀ ਹੈ। ਅੰਮ੍ਰਿਤ ਵੇਲੇ ਦੀ ਵਜਦ ਭਰੀ ਸੰਭਾਲ ਲਈ, ਇਸ ਤੋਂ ਵੱਧ ਹੋਰ ਮੰਗਣਾ ਭੀ ਕੀ ਹੋਇਆ ?

***'ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ'*** ਵਾਲੀ ਤੁਕ ਨੂੰ ਬਾਰ ਬਾਰ ਪੜ੍ਹਨ ਨਾਲ ਇਹ ਸੋਚ ਭੀ ਫੁਰੀ ਕਿ ਜੇ ਹਰ ਇਕ ਗੁਰਸਿਖ ਆਪਣੇ ਘਰ ਬੈਠਾ ਹੀ ਦੂਸਰੇ ਗੁਰਸਿਖ ਪਰਾਹੁਣੇ ਦੀ ਉਡੀਕ ਕਰਦਾ ਰਹੇ ਤਾਂ ਕੋਈ ਭੀ ਕਿਸੇ ਦੇ ਘਰ ਨਹੀਂ ਜਾਏਗਾ। ਸਾਰੇ ਆਪਣੇ ਆਪਣੇ ਘਰੀਂ ਬੈਠੇ ਹੀ ਦੂਸਰੇ ਗੁਰਸਿੱਖ ਪਰਾਹੁਣੇ ਦੀ ਉਡੀਕ ਕਰਦੇ ਰਹਿਣਗੇ।



www.AKJ.Org

ਖ਼ਿਆਲ ਆਇਆ ਕਿ, ਫਿਰ ਇਹ ਗੱਲ ਕੀ ਹੋਈ ? ਇਹ ਕਿਹੜਾ ਪਰਾਹੁਣਾ ਹੈ ? ਕਿਸ ਨੂੰ ਇਸ ਦੀ ਆਪਣੇ ਘਰ ਵਿੱਚ ਉਡੀਕ ਲੱਗੀ ਹੋਈ ਹੈ ? ਵਾਜਾਂ ਕੌਣ ਮਾਰ ਰਿਹਾ ਹੈ ? ਇਹ ਬੜਾ ਸਵਾਦਲਾ ਮਸਲਾ ਖੜਾ ਹੋ ਗਿਆ । ਖ਼ਿਆਲੀ ਘੋੜੇ ਦੁੜਾਂਦੇ ਨੂੰ ਕੁਝ ਇੰਜ ਪ੍ਰਤੀਤ ਹੋਇਆ ਕਿ ਜੀਵ-ਆਤਮਾ ਇਸ ਕਾਂਇਆ ਅੰਦਰ (ਪਰਾਹੁਣੇ ਦੇ ਤੌਰ ਤੇ) ਵੱਸ ਰਿਹਾ ਹੈ । ਗੁਰਬਾਣੀ ਅੰਦਰ ਇਸ ਨੂੰ 'ਪਰਦੇਸੀ' ਕਰਕੇ ਭੀ ਕਿਹਾ ਹੈ, ਕਿਉਂਕਿ ਇਸ ਦਾ ਅਸਲੀ ਦੇਸ ਹੋਰ ਹੈ । ਇਕ ਦਿਨ ਇਸ ਪਰਾਹੁਣੇ ਨੇ ਕਾਂਇਆ ਨੂੰ ਛੱਡ ਜਾਣਾ ਹੈ । ਕਾਂਇਆ ਭੀ ਇਸ ਬਾਤ ਨੂੰ ਭਲੀ ਪ੍ਰਕਾਰ ਜਾਣਦੀ ਹੈ ।

ਤਦ ਕੁਝ ਇੰਝ ਮਹਿਸੂਸ ਹੋਇਆ ਕਿ ਕਾਂਇਆ, ਜੀਵ-ਆਤਮਾ ਦੀ ਸੰਜੋਗੀ ਹੋਣ ਦੇ ਨਾਤੇ, ਜੀਵ ਨੂੰ ਉਸ ਦਾ ਫਰਜ਼ ਯਾਦ ਕਰਾ ਰਹੀ ਹੈ, ਅਤੇ ਕਹਿ ਰਹੀ ਹੈ ਕਿ, "ਐ ਪਰਾਹੁਣੇ, ਭਲਕ ਹੋ ਗਈ ਹੈ (ਪਿਛਲੀ ਰਾਤ ਸ਼ੁਰੂ ਹੋ ਗਈ ਹੈ, ਭਾਵ ਕਿ ਅੰਮ੍ਰਿਤ ਵੇਲਾ ਸ਼ੁਰੂ ਹੋ ਗਿਆ ਹੈ) ਹੁਣ ਤੂੰ ਜਾਗ, ਉੱਠ, ਅਤੇ ਉਠ ਕੇ ਇਕਾਗਰ-ਚਿਤ ਹੋ ਜਾ । 'ਮੇਰੈ ਘਰਿ ਆਉ' ਦਾ ਭਾਵ ਹੈ ਕਿ ਬਾਹਰ ਦੀ ਭਟਕਣਾ ਛੱਡ ਕੇ, ਬਾਹਰ ਵੱਲੋਂ ਆਪਣੀ ਸੁਰਤ ਨੂੰ ਮੋੜ ਕੇ ਅੰਤਰ-ਧਿਆਨ ਹੋ ਜਾ, ਅਫੁਰ ਹੋ ਜਾ" ।

ਦੂਸਰੀ ਤੁਕ ਰਾਹੀਂ ਆਖੇ ਲੱਗ ਕੇ, ਉੱਠ ਕੇ ਇਕਾਗਰ-ਚਿਤ ਹੋ ਜਾਣ ਵਾਲੇ ਪਰਾਹੁਣੇ ਦੇ ਸਤਿਕਾਰ ਵਿੱਚ ਕਿਹਾ ਹੈ ਕਿ, "ਮੈਂ ਐਸੇ ਪਰਾਹੁਣੇ ਦੇ ਪਾਉਂ ਪਖਾਲਾਂ, ਮੈਨੂੰ ਇਹੋ ਜਿਹਾ ਪਰਾਹੁਣਾ ਬੜਾ ਅੱਛਾ ਲੱਗਦਾ ਹੈ, ਅਜਿਹਾ ਪਰਾਹੁਣਾ ਮੈਨੂੰ ਅੰਦਰੋਂ ਬਾਹਰੋਂ ਭਾਉਂਦਾ ਹੈ ।"

ਤੀਸਰੀ ਤੁਕ ਰਾਹੀਂ ਪਰਾਹੁਣੇ ਨੂੰ ਕਿਹਾ ਹੈ, "ਆਪਣੀ ਸੁਰਤ ਨੂੰ ਨਾਮ ਵਿੱਚ ਜੋੜ ਕੇ ਨਾਮ ਸੁਣ, ਅਤੇ ਇਸ ਤਰ੍ਹਾਂ ਨਾਮ ਵਿੱਚ ਲੀਨ ਹੋ ਕੇ ਨਾਮ-ਧਨ ਇਕੱਠਾ ਕਰ ਲੈ ।" ਅਜਿਹੀ ਨਾਮ-ਰਸ-ਬੈਰਾਗਨੀ-ਲਿਵਲੀਨਤਾ ਦਾ ਨਤੀਜਾ ਚੌਥੀ ਤੁਕ ਵਿੱਚ ਦਰਸਾਇਆ ਹੈ, ਕਿ, ਨਾਮ ਜਪਣ ਨਾਲ ਇਹ ਕਾਂਇਆ, ਇਸ ਦੇ ਵਰਤਣ ਯੋਗ ਧਨ, ਅਸਥਾਨ ਘਰ-ਬਾਰ ਆਦਿ ਸਭ ਪਵਿੱਤਰ ਹੋ ਜਾਣਗੇ । ਪਵਿੱਤਰ ਜਗ੍ਹਾ ਵਿੱਚ ਰਹਿਣ ਨਾਲ ਅਤੇ ਪਵਿੱਤਰ ਵਸਤੂਆਂ ਦੇ ਵਰਤਣ ਨਾਲ ਨਾਮ ਦੀ ਹੋਰ ਚੜ੍ਹਦੀ ਕਲਾ ਹੋ ਜਾਂਦੀ ਹੈ ।

ਅਖੀਰਲੀ ਤੁਕ ਰਾਹੀਂ ਗੁਰੂ ਨਾਨਕ ਸਾਹਿਬ ਜੀ ਕਹਿ ਰਹੇ ਹਨ ਕਿ, ਐਸੀ ਕਾਂਇਆ ਵੱਡਿਆਂ ਭਾਗਾਂ ਵਾਲੀ ਹੈ, ਜਿਸ ਨੂੰ ਹਰੀ ਦੇ ਨਾਮ ਦਾ ਵਪਾਰੀ ਪਰਾਹੁਣਾ ਰਹਿਣ ਲਈ ਮਿਲਿਆ ਹੈ ।

ਹੁਣ ਤਾਂ ਉਪਰਲੇ ਸ਼ਬਦ ਦਾ ਰੰਗ ਹੀ ਹੋਰ ਦਾ ਹੋਰ ਹੋ ਗਿਆ । ਸ਼ਬਦ ਨੂੰ ਮੁੜ ਮੁੜ ਪੜ੍ਹਨ ਨਾਲ ਇਕ ਨਵਾਂ ਸਵਾਦ ਅਤੇ ਵਿਸਮਾਦ ਪੈਦਾ ਹੋਣ ਲੱਗ ਪਿਆ । ਇਸ ਨਾਲ ਮਨ ਵਿੱਚ ਦ੍ਰਿੜ ਵਿਸ਼ਵਾਸ ਆ ਗਿਆ ਕਿ ਅੱਧੀ ਰਾਤ ਮੁਕਦਿਆਂ ਸਾਰ (ਭਾਵ ਭਲਕ ਦੇ ਆਰੰਭ ਨਾਲ) ਹੀ ਗੁਰਸਿੱਖ ਨੂੰ ਉੱਠ ਕੇ ਨਾਮ ਵਿੱਚ ਜੁੱਟ ਜਾਣ ਦਾ, ਇਹ ਇਲਾਹੀ ਹੁਕਮ ਹੈ । ਇਹੀ ਅੰਮ੍ਰਿਤ ਵੇਲੇ ਦਾ ਆਰੰਭ ਹੈ । ਬਲਿਹਾਰ ਜਾਈਏ ਐਸੀ ਕਾਂਇਆ ਤੋਂ, ਜੋ ਆਪ ਵਕਤ ਸਿਰ ਉੱਠ ਕੇ ਸਾਵਧਾਨ ਹੋ ਜਾਂਦੀ ਹੈ, ਅਤੇ ਆਪਣੇ ਪਰਾਹੁਣੇ ਨੂੰ ਭੀ ਤਤਪਰ ਕਰਕੇ, ਆਪਣੇ ਕਾਰਜ ਵਿੱਚ ਜੋੜ ਦਿੰਦੀ ਹੈ । ਪਰਾਹੁਣੇ ਨੂੰ ਅੰਮ੍ਰਿਤ ਵੇਲੇ ਦੀ ਸੰਭਾਲ ਸੰਬੰਧੀ ਉਸ ਦਾ ਫ਼ਰਜ਼ ਯਾਦ ਕਰਾ ਕੇ, ਕਾਂਇਆ ਨੇ ਆਪਣੀ ਇਲਾਹੀ ਡਿਊਟੀ ਪੂਰੀ ਕਰਦਿਆਂ ਹੋਇਆਂ ਪਰਾਹੁਣੇ ਦੇ ਸਤਿਕਾਰ ਅਤੇ ਉਸ ਲਈ ਪਿਆਰ ਦਾ ਖਾਸ ਧਿਆਨ ਰੱਖਿਆ ਹੈ ਅਤੇ ਇਸ ਤੋਂ ਉਤਪੰਨ ਹੋਣ ਵਾਲੇ ਲਾਭਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ।

ਇਹ ਨਾਮ-ਵਪਾਰੀ ਪਰਾਹੁਣਾ, ਕਾਂਇਆ ਨੂੰ ਕਾਂਇਆ ਦੇ ਫ਼ਰਜ਼ ਸੰਬੰਧੀ, ਦੇਖੋ ਕੀ ਕਹਿ ਰਿਹਾ ਹੈ :-

*੧. ਹਮਾਰੀਪਿਆਰੀਅੰਮ੍ਰਿਤਧਾਰੀ*
*੨. ਗੁਰਨਿਮਖਨਮਨਤੇਟਾਰੀਰੇ ॥੧॥ਰਹਾਉ॥*
*੩. ਦਰਸਨਪਰਸਨਸਰਸਨਹਰਸਨ*
*੪. ਰੰਗਿਰੰਗੀਕਰਤਾਰੀਰੇ ॥੧॥*
*੫. ਖਿਨੁਰਮਗੁਰਗਮਹਰਿਦਮਨਹਜਮ*
*੬. ਹਰਿਕੰਠਿਨਾਨਕਉਰਿਹਾਰੀਰੇ ॥੨॥੫॥੧੩੪॥ (੪੦੪)*



www.AKJ.Org

## ਸ਼ਬਦ ਅਰਥ

ਅੰਮ੍ਰਿਤ=ਨਾਮੁ । ਅੰਮ੍ਰਿਧਾਰੀ=ਉਹ ਕਾਂਇਆ ਜਿਸ ਨੇ ਨਾਮ ਧਾਰਨ ਕੀਤਾ ਹੋਇਆ ਹੋਵੇ । (ਪਰ ਕਿਉਂਕਿ ਨਾਮ ਧਾਰਨ ਹੋ ਨਹੀਂ ਸਕਦਾ, ਜਦ ਤੱਕ ਪੰਜਾਂ ਪਿਆਰਿਆਂ ਪਾਸੋਂ ਪੂਰਨ ਜੁਗਤੀ ਅਨੁਸਾਰ ਅੰਮ੍ਰਿਤ ਛੱਕ ਕੇ ਗੁਰ-ਮੰਤ੍ਰ ਪ੍ਰਾਪਤ ਨਾ ਕੀਤਾ ਗਿਆ ਹੋਵੇ । ਇਸ ਲਈ ਜੇ 'ਅੰਮ੍ਰਿਤਧਾਰੀ' ਦਾ ਭਾਵ ਉਸ ਗੁਰਸਿੱਖ ਦੀ ਕਾਂਇਆ (ਸਰੀਰ) ਤੋਂ ਸਮਝ ਲਿਆ ਜਾਵੇ, ਜਿਸ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ-ਪਾਨ ਕੀਤਾ ਹੋਇਆ ਹੋਵੇ, ਤਾਂ ਬਿਲਕੁਲ ਠੀਕ ਹੀ ਭਾਸਦਾ ਹੈ ।

ਗੁਰਿ=ਗੁਰੂ ਰਾਹੀਂ (ਪ੍ਰਾਪਤ ਕੀਤੇ ਹੋਏ ਨਾਮ ਵੱਲ ਇਸ਼ਾਰਾ ਹੈ) ਕਰਤਾਰੀ=ਕਰਤਾਰ ਦੀ (ਵਾਹਿਗੁਰੂ ਦੀ) । ਰੇ=(ਸੰਬੋਧਕੀ ਸ਼ਬਦ)।

ਇਸ ਸ਼ਬਦ ਦੀ ਪਹਿਲੀ ਅਤੇ ਦੂਜੀ ਤੁਕ ਰਾਹੀਂ, ਜੀਵ-ਆਤਮਾ (ਪਰਾਹੁਣਾ) ਅੰਮ੍ਰਿਤਧਾਰੀ ਗੁਰਸਿੱਖ ਦੀ ਕਾਂਇਆ ਨੂੰ ਸੰਬੋਧਨ ਕਰ ਰਿਹਾ ਹੈ, "ਐ ਗੁਰ-ਦੀਖਿਅਤ ਹੋਈ ਹੋਈ ਸਾਡੀ ਪਿਆਰੀ ਅੰਮ੍ਰਿਤਧਾਰੀ ਕਾਂਇਆ, ਤੂੰ ਗੁਰੂ ਰਾਹੀਂ ਪ੍ਰਾਪਤ ਕੀਤੇ ਹੋਏ ਨਾਮ ਨੂੰ ਇਕ ਨਿਮੇਖ ਭਰ ਭੀ ਨਾ ਮਨੋਂ ਵਿਸਾਰ ।" ਤੀਸਰੀ ਅਤੇ ਚੌਥੀ ਤੁਕ ਰਾਹੀਂ ਪਰਾਹੁਣਾ ਕਹਿ ਰਿਹਾ ਹੈ, "ਐ ਕਰਤਾਰ ਦੇ ਰੰਗ ਵਿੱਚ ਰੱਤੀ ਹੋਈਏ (ਕਰਤਾਰੀਏ), ਤੇਰੇ ਦਰਸ਼ਨ ਦੀਦਾਰੇ ਕਰਕੇ ਅਤੇ ਤੇਰੀ ਸੰਗਤ ਕਰਕੇ ਅਸੀਂ ਤੇਰੇ ਨਾਲ ਬੇਹੱਦ ਖੁਸ਼ ਹਾਂ ਅਤੇ ਨਿਹਾਲੋ ਨਿਹਾਲ ਹਾਂ ।"

ਪੰਜਵੀਂ ਅਤੇ ਛੇਵੀਂ ਤੁਕ ਰਾਹੀਂ ਪਰਾਹੁਣਾ ਆਪਣੇ ਸੰਦੇਸ਼ ਦਾ ਨਿਚੋੜ ਕਾਂਇਆ ਪ੍ਰਤੀ ਜ਼ਾਹਿਰ ਕਰਦਾ ਹੋਇਆ ਕਾਂਇਆਂ ਨੂੰ ਕਹਿ ਰਿਹਾ ਹੈ, "ਹਰ ਖਿਨ ਹਰ ਵਕਤ, ਹਰ ਦਮ ਨਾਮ ਜਪੀ ਜਾਣ ਨਾਲ, ਜਮ ਤੇਰੇ ਨਜ਼ਦੀਕ ਤੱਕ ਭੀ ਨਹੀਂ ਫਟਕੇਗਾ । ਇਸ ਲਈ ਤੂੰ ਨਾਮ ਨੂੰ ਆਪਣੇ ਹਿਰਦੇ ਅਤੇ ਗਲੇ (ਕੰਠ) ਵਿਚ ਪ੍ਰੋ ਲੈ--ਭਾਵ ਕਿ ਸਾਸ-ਗਿਰਾਸੀ ਨਾਮ ਦਾ ਖੰਡਾ (ਜਿਵੇਂ ਤੈਨੂੰ ਦ੍ਰਿੜਾਇਆ ਗਿਆ ਹੈ ਤਿਵੇਂ) ਖੜਕਾਈ ਹੀ ਚਲੀ ਚਲ ।"

ਬਲਿਹਾਰ ਜਾਈਏ ਐਸੇ ਪਰਾਹੁਣੇ ਤੋਂ ਭੀ, ਜਿਨ ਕਾਂਇਆ ਨੂੰ ਭੀ ਉਸ ਦਾ ਫਰਜ਼ ਉਸੇ ਹੀ ਪਿਆਰ ਅਤੇ ਸਤਿਕਾਰ ਭਰੇ ਲਹਿਜੇ ਵਿੱਚ ਯਾਦ ਕਰਾਇਆ ਹੈ, ਜਿਸ ਲਹਿਜੇ ਵਿੱਚ ਕਾਂਇਆ ਨੇ ਉਸ ਨੂੰ ਯਾਦ ਕਰਾਇਆ ਸੀ । ਕਾਂਇਆ ਨੇ ਪੂਰਨ ਅੰਮ੍ਰਿਤ ਵੇਲੇ ਦੀ ਸੰਭਾਲ ਵਾਸਤੇ ਪਰਾਹੁਣੇ ਨੂੰ ਪਿਆਰ ਨਾਲ ਤੱਤਪਰ ਕੀਤਾ ਹੈ, ਅਤੇ ਪਰਾਹੁਣੇ ਨੇ ਕਾਂਇਆ ਨੂੰ ਹਰ ਦਮ ਹੀ ਨਾਮ ਵਿੱਚ ਜੁੱਟੀ ਰਹਿਣ ਲਈ, ਸਨੇਹ ਭਰੇ ਸ਼ਬਦਾਂ ਵਿੱਚ ਸਾਵਧਾਨ ਕੀਤਾ ਹੈ । ਵਾਰਨੇ ਜਾਈਏ ਐਸੀ ਕਾਂਇਆ ਅਤੇ ਅਜਿਹੇ ਪਰਾਹੁਣੇ ਤੋਂ । ਕੈਸਾ ਵਡਭਾਗਾ ਸੰਜੋਗ ਹੈ ! ਕੈਸਾ ਅਦੁੱਤੀ ਸੰਜੋਗ ਹੈ ! ਧੰਨ ਗੁਰੂ ਨਾਨਕ ਸਾਹਿਬ ! ਧੰਨ ਗੁਰਬਾਣੀ !

ਇਨ੍ਹਾਂ ਦੋਹਾਂ ਸ਼ਬਦਾਂ ਨੇ ਤਾਂ ਸਿਖ ਧਰਮ ਦਾ ਤੱਤ, ਇੰਜ ਨਿਖਾਰ ਕੇ ਰੱਖ ਦਿੱਤਾ ਹੈ, ਮਾਨੋ ਸਮੁੰਦਰ ਨੂੰ ਕੂੱਜੇ ਵਿੱਚ ਬੰਦ ਕਰ ਦਿੱਤਾ ਹੈ :-

੧. ਪੂਰਨ ਜੁਗਤੀ ਸਹਿਤ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਣ ਦਾ ਇਸ਼ਾਰਾ (ਗੁਪਤ) ਹੈ; ਤਾਹੀਓਂ ਹੀ ਕਾਂਇਆ ਨੂੰ ਅੰਮ੍ਰਿਤਧਾਰੀ ਕਰਕੇ ਸੰਬੋਧਨ ਕੀਤਾ ਹੈ ।

੨. ਭਲਕ ਹੁੰਦਿਆਂ ਸਾਰ ਹੀ, ਸੁਰਤ ਨੂੰ ਜੋੜ ਕੇ ਨਾਮ ਸਿਮਰਨ ਵਿੱਚ ਜੁੱਟ ਜਾਣ ਦਾ ਹੁਕਮ ਹੈ ।

੩. ਹਰ ਪਲ, ਹਰ ਦਮ ਸਾਸ-ਗਿਰਾਸੀ, ਨਾਮ ਜਪੀ ਹੀ ਜਾਣ ਵੱਲ (ਹੁਕਮਨ) ਇਸ਼ਾਰਾ ਹੈ ।

੪. ਅਤੇ ਨਾਮ ਦੀ ਬਰਕਤ ਕਰਕੇ ਜਮ ਲਾਗੇ ਨਹੀਂ ਫਟਕ ਸਕਦਾ ਅਤੇ ਸਭ ਸਬੰਧਤ ਵਸਤੂਆਂ ਘਰ-ਬਾਰ, ਧਨ ਆਦਿਕ ਪਵਿੱਤਰ ਹੋ ਜਾਂਦੇ ਹਨ ।

ਨੋਟ : ਇਹੋ ਹੀ ਮਨੁੱਖਾ ਜਨਮ ਦੀ ਵਡਿਆਈ ਹੈ ਕਿ ਜੀਵ ਕਾਂਇਆ ਦੀ ਸਹਾਇਤਾ ਕਰਦਾ ਹੈ ਅਤੇ ਕਾਂਇਆ ਜੀਵ ਦੀ । ਨਾਮ ਕਾਂਇਆ ਨੇ ਹੀ ਜਪਣਾ ਹੈ । ਜੇ ਸਾਡੀ ਕਾਂਇਆ ਹੀ ਰੁਲਦੀ ਰਹੀ ਅਤੇ ਅਸੀਂ ਇਸ ਦੀ ਸੰਭਾਲ ਨਾ ਕੀਤੀ ਤਾਂ ਇਹ ਵਿਚਾਰੀ ਨਾਮ ਨਹੀਂ ਜਪ ਸਕੇਗੀ । ਜੇ ਇਸ ਨੇ ਨਾਮ ਨਾ ਜਪਿਆ ਤਾਂ ਹੱਥ ਕੀ ਆਏਗਾ ? ਇਸ ਕਾਂਇਆ ਦੀ ਸਰਦੀ-ਗਰਮੀ ਤੋਂ, ਥਕਾਵਟ ਤੋਂ, ਬੀਮਾਰੀ ਤੋਂ ਸੰਭਾਲ ਕਰਨੀ ਬੜੀ ਜ਼ਰੂਰੀ ਹੈ ।



www.AKJ.Org

# ਪੰਥ ਦੇ ਰੁਕਨ ਡਾ: ਸੁਰਿੰਦਰ ਸਿੰਘ ਜੀ

(੨)

ਗੁਰਮੁਖਾਂ ਦੀਆਂ ਜੀਵਨ ਘਟਨਾਵਾਂ ਨੂੰ ਲਿਖਣਾ ਇੰਨਾ ਹੀ ਕਠਿਨ ਹੈ ਜਿੰਨਾ ਕਿ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨਾ। ਪੁਗੇ ਹੋਏ ਗੁਰੂ ਪਿਆਰਿਆਂ ਨੂੰ ਕਿਸੇ ਹੱਦ ਵਿੱਚ ਲਿਆਉਣਾ ਸੋਚ-ਸ਼ਕਤੀ ਤੋਂ ਬਾਹਰਾ ਯਤਨ ਹੈ ਕਿ ਟੁੱਟੇ ਫੁੱਟੇ ਸਾਧਾਰਨ ਅੱਖਰਾਂ ਵਿੱਚ ਡਾਕਟਰ ਸੁਰਿੰਦਰ ਸਿੰਘ ਜੀ ਦੀ ਜੀਵਨੀ ਦੇ ਕੁਝ ਪਹਿਲੂ ਸਾਧ-ਸੰਗਤ ਦੀ ਭੇਟਾ ਕੀਤੇ ਜਾਣ।

*ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ॥*

ਦਸਮੇਸ਼ ਪਿਤਾ ਜੀ ਦੇ ਉਪਰੋਕਤ ਫੁਰਮਾਨ ਅਨੁਸਾਰ ਹੀ ਡਾਕਟਰ ਜੀ ਪੂਰਨ ਖ਼ਾਲਸਾ ਜੀਵਨ ਬਤੀਤ ਕਰਦੇ ਹੋਏ ਇਸ ਸੰਸਾਰ ਵਿੱਚ ਵਿਚਰਦੇ ਰਹੇ ਅਤ ਪੂਰਨ ਖ਼ਾਲਸਾ ਰੰਗਾਂ ਵਿੱਚ ਸੰਸਾਰ ਤੋਂ ਉਡਾਰੀ ਮਾਰ ਗਏ।

## ਜਨਮ ਅਤੇ ਬਚਪਨ

ਆਪ ਜੀ ਦੇ ਪਿਤਾ ਦਾ ਨਾਮ ਸੂਬੇਦਾਰ ਹਰਬਚਨ ਸਿੰਘ ਜੀ ਤੇ ਮਾਤਾ ਦਾ ਨਾਂ ਤੇਜ ਕੌਰ ਸੀ। ਜਦੋਂ ਆਪ ਜੀ ਦਾ ਜਨਮ ਹੋਇਆ ਉਦੋਂ ਸੂਬੇਦਾਰ ਹਰਬਚਨ ਸਿੰਘ ਜੀ ਜ਼ਿਲਾ ਮਿੰਟਗੁਮਰੀ ਦੀ ਬਾਰ ਵਿੱਚ ਚੱਕ ਨੰਬਰ ੫੨ ਵਿੱਚ ਉਕਾੜੇ ਲਾਗੇ ਰਹਿ ਰਹੇ ਸਨ। ਦੇਸ਼ ਦੇ ਵੰਡ ਵੰਡਈਏ ਨੇ ਇਸ ਸਥਾਨ ਨੂੰ ਇਕ ਅਭੁੱਲ ਯਾਦ ਬਣਾ ਦਿੱਤਾ ਹੈ। ਡਾਕਟਰ ਜੀ ਦੇ ਪੂਜਯ ਪਿਤਾ ਸੂਬੇਦਾਰ ਹਰਬਚਨ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਫੌਜ ਵਿੱਚ ਇਕੱਠੇ ਹੀ ਰਹਿੰਦੇ ਰਹੇ ਹਨ। ਇਹਨਾਂ ਦਾ ਆਪਸ ਵਿੱਚ ਬਹੁਤ ਹੀ ਨਿੱਘਾ ਪਿਆਰ ਸੀ। ਤਕਰੀਬਨ ਸੰਨ ੧੯੨੦ ਵਿੱਚ ਪਰਮ ਮਿੱਤਰਾਂ ਦੀ ਇਹ ਜੋੜੀ ਪੈਨਸ਼ਨ ਆਈ। ਸੂਬੇਦਾਰ ਜੀ ਨੇ ਸਰਕਾਰ ਵਲੋਂ ਮਿਲਿਆ ਮੁਰੱਬਾ ਵੀ ਬਾਊ ਜੀ ਦੇ ਨਾਲ ਹੀ ਉਕਾੜਾ ਵਿਖੇ ਅਲਾਟ ਕਰਵਾ ਲਿਆ। ਚੱਕ ਨੰਬਰ ੫੨/੨ ਐਲ ਵਿਖੇ ਇਹਨਾਂ ਦੇ ਮਕਾਨ ਦੀ ਪਿੱਠ ਬਾਊ ਜੀ ਦੇ ਮਕਾਨ ਨਾਲ ਲੱਗਦੀ ਸੀ।

ਡਾਕਟਰ ਜੀ ਦੇ ਦਾਦਾ ਸੂਬੇਦਾਰ ਮਾਨ ਸਿੰਘ ਜੀ ਸਨ। ਸੂਬੇਦਾਰ ਮਾਨ ਸਿੰਘ ਜੀ ੩੯ ਨੰਬਰ ਰਸਾਲੇ ਵਿੱਚ ਹੈਡ ਕਲਰਕ ਸਨ। ਇਹ ਬਹੁਤ ਹੀ ਗੁਰਮੁਖ ਸਨ। ਮਾਨਯੋਗ ਬਾਊ ਮੱਲ ਸਿੰਘ ਜੀ ਵੀ ੩੯ ਨੰਬਰ ਰਸਾਲੇ ਵਿੱਚ ਨਿਯੁਕਤ ਸਨ। ਬਾਊ ਜੀ ਦਾ ਭਾਈ ਮਾਨ ਸਿੰਘ ਜੀ ਦੇ ਘਰ ਕਾਫ਼ੀ ਆਉਣ ਜਾਣ ਸੀ। ਭਾਈ ਮਾਨ ਸਿੰਘ ਜੀ ਦੇ ਸਪੁਤਰ ਭਾਈ ਹਰਬਚਨ ਸਿੰਘ ਜੀ ਨੇ ਬਾਊ ਮੱਲ ਸਿੰਘ ਜੀ ਦੀ ਸੰਗਤ ਸਦਕਾ ਹੀ ਅੰਮ੍ਰਿਤਪਾਨ ਕੀਤਾ ਸੀ ਅਤੇ ਅੰਮ੍ਰਿਤਪਾਨ ਕਰਦੇ ਸਾਰ ਹੀ ਦਸਮ ਦੁਆਰ ਦੇ ਉਚ ਅਦਾਰਿਆਂ ਵਿੱਚ ਜਾ ਬਿਰਾਜੇ। ਫਿਰ ਸਾਰੀ ਉਮਰ ਇਹਨਾਂ ਰੰਗਾਂ ਵਿੱਚ ਹੀ ਵਿਚਰਦੇ ਰਹੇ। ਸਰਦਾਰ ਮਾਨ ਸਿੰਘ ਜੀ ਦਾ ਅਤੇ ਇਹਨਾਂ ਦੇ ਬੱਚੇ ਹਰਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ ਉਦਾਰ ਸੀ। ਗੁਪਤ ਦਾਨੀ ਇਹਨਾ ਵਰਗਾ ਕੋਈ ਵਿਰਲਾ ਹੀ ਮਿਲਦਾ ਹੈ। ਗੁਰਸਿਖਾਂ ਲਈ ਅਤੇ ਲੋੜਵੰਦਾਂ ਲਈ ਆਪਣਾ ਤਨ, ਮਨ ਅਤੇ ਧਨ ਵਾਰ ਦੇਣਾ ਉਹਨਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ। ਇਹਨਾ ਵਿੱਚ ਹਉਮੈ ਅਹੰਕਾਰ ਦਾ ਤਾਂ ਲੇਪ ਛੇਪ ਵੀ ਨਹੀਂ ਸੀ।

ਡਾਕਟਰ ਜੀ ਦੇ ਜਨਮ ਤੋਂ ਪਹਿਲਾਂ ਸੂਬੇਦਾਰ ਹਰਬਚਨ ਸਿੰਘ ਜੀ ਦੇ ਘਰ ਮਾਤਾ ਤੇਜ ਕੌਰ ਜੀ ਦੀ ਕੁਖੋਂ ਦਸਾਂ ਬੱਚੇ-



www.AKJ.Org

ਬੱਚੀਆਂ ਨੇ ਜਨਮ ਲਿਆ ਸੀ ਅਤੇ ਦਸਾਂ ਦੇ ਦੱਸ ਬੱਚੇ ਹੀ ਥੋੜ੍ਹੀ ਥੋੜ੍ਹੀ ਆਯੂ ਬਤੀਤ ਕਰਕੇ ਗੁਰੂ ਨੂੰ ਪਿਆਰੇ ਹੋ ਜਾਂਦੇ ਰਹੇ। ਡਾਕਟਰ ਜੀ ਦੇ ਮਾਤਾ ਜੀ ਵੱਡਮੁੱਲੀ ਗੁਰਮੁਖ ਰੂਹ ਸਨ । ਇਤਨੇ ਬੱਚੇ ਚੜ੍ਹਾਈ ਕਰ ਜਾਣ ਦੇ ਬਾਵਜੂਦ ਵੀ ਆਪ ਜੀ ਸਿੱਖੀ ਸਿਦਕ ਤੇ ਦ੍ਰਿੜ ਰਹੇ ਅਤੇ ਜੇ ਵੈਰਾਗ ਵਿੱਚ ਆਉਂਦੇ ਤਾਂ ਨਿਮਰੀਭੂਤ ਹੋ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਜੁੜ ਕੇ ਆਪਣੇ ਜੀਅ ਦੀ ਗੁਹਜ ਗੱਲ ਕਹਿੰਦੇ ਅਤੇ ਹੁਕਮ ਮੰਨ ਕੇ ਸੰਤੁਸ਼ਟ ਰਹਿੰਦੇ । ਫਿਰ ਵੀ ਕਦੇ ਕਦਾਈਂ ਆਪਣੇ ਪਤੀ ਜੀ ਨੂੰ ਕਹਿੰਦੇ ਕਿ ਇਹ ਬਿਖਮ ਭਾਣੇ ਕਿੰਨੀ ਕੁ ਦੇਰ ਤੱਕ ਵਰਤਦੇ ਰਹਿਣਗੇ । ਗੁਰਮੁਖ ਪਿਆਰੇ ਭਾਈ ਹਰਬਚਨ ਸਿੰਘ ਜੀ ਕਹਿੰਦੇ ਕਿ ਇਹ ਜਿਹੜੇ ਬੱਚੇ ਸਾਡੇ ਘਰ ਜਨਮ ਲੈਂਦੇ ਹਨ, ਪਿਛਲੇ ਜਨਮ ਦੇ ਕੋਈ ਭਗਤ ਜਨ ਹਨ । ਉਹ ਆਪਣੀ ਰਹਿ ਗਈ ਕਮੀ ਪੂਰੀ ਕਰਨ ਲਈ ਸਾਡੇ ਗ੍ਰਹਿ ਵਿਖੇ ਸਿਰਫ ਅੰਮ੍ਰਿਤਪਾਨ ਕਰਨ ਖ਼ਾਤਰ ਹੀ ਪਧਾਰਦੇ ਹਨ ਅਤੇ ਜਦੋਂ ਗੁਰੂ ਕੀ ਮੋਹਰ ਲੱਗ ਜਾਂਦੀ ਹੈ ਤਾਂ ਸਚਖੰਡ ਨੂੰ ਕੂਚ ਕਰ ਜਾਂਦੇ ਹਨ । ਇਸ ਲਈ ਇਹਨਾਂ ਦੇ ਵਿਛੋੜੇ ਵਿੱਚ ਵੈਰਾਗ ਕਰਨਾ ਨਹੀਂ ਸ਼ੋਭਦਾ।

ਪਰ ਮਾਂ ਦੀ ਮਮਤਾ ਵਿਛੋੜੇ ਦੇ ਇਹ ਸੱਲ ਕਿੰਨੀ ਦੇਰ ਤੱਕ ਝੱਲ ਸਕਦੀ ਸੀ । ਗਿਆਰਵੇਂ ਬੱਚੇ ਦੇ ਜਨਮ ਤੋਂ ਪਹਿਲਾਂ ਮਾਤਾ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਜੋਦੜੀ ਕੀਤੀ, "ਸਾਈਆਂ ਜੀਉ, ਤੁਠੋ, ਬਖਸ਼ਿਸ਼ਾਂ ਕਰੋ, ਇਹ ਬੱਚਾ ਜਿਹੜਾ ਸਾਡੇ ਘਰ ਭੇਜੋਗੇ, ਆਯੂ ਵਾਲਾ ਹੋਵੇ, ਅਤੇ ਨਾਲ ਹੀ ਇਹ ਵੀ ਪ੍ਰਣ ਕੀਤਾ ਕਿ ਇਸ ਬੱਚੇ ਦਾ ਨਾਮ-ਸੰਸਕਾਰ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਕਰਾਂਗੇ ।

*"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥"* (੮੧੯)

ਉਪਰੋਕਤ ਪੁਕਾਰ ਵਾਹਿਗੁਰੂ ਪਿਤਾ ਜੀ ਨੇ ਬਿਲਕੁਲ ਨੇੜੇ ਹੋ ਕੇ ਸੁਣੀ । ੩੦ ਅਕਤੂਬਰ ੧੯੨੬ ਦੇ ਦਿਨ ਇਕ ਉਤਮ ਰੂਹ ਦਾ ਜਨਮ ਹੋਇਆ ਅਤੇ ਇਕ ਸਾਲ ਤੋਂ ਬਾਦ ਇਸ ਗੁਰਮੁਖ ਰੂਹ ਦਾ ਨਾਮ-ਸੰਸਕਾਰ ਅਰਦਾਸ ਮੁਤਾਬਕ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜਾ ਕੇ ਕੀਤਾ ਗਿਆ । ਉਥੇ ਹੀ ਸੁਰਿੰਦਰ ਸਿੰਘ ਨਾਂ ਰੱਖਿਆ ਗਿਆ । ਇਸ ਪਵਿੱਤਰ ਦੰਪਤੀ ਦਾ ਇਹ ਪਹਿਲਾ ਫਲ ਸੀ ਜਿਹੜਾ ਕਿ ਦੱਸਾਂ ਬੱਚਿਆਂ ਤੋਂ ਬਾਅਦ ਵਾਹਿਗੁਰੂ ਪਿਤਾ ਦੀ ਕਿਰਪਾ ਦਾ ਸਦਕਾ ਬਚਿਆ ਰਿਹਾ ।

ਭਾਈ ਸੁਰਿੰਦਰ ਸਿੰਘ ਜੀ ਆਪਣੇ ਪਰਵਾਰ ਵਿੱਚ ਸਭ ਤੋਂ ਵੱਡੇ ਸਨ । ਆਪ ਜੀ ਦਾ ਹੋਰ ਇਕ ਭਰਾ ਤੇ ਦੋ ਭੈਣਾਂ ਹਨ । ਡਾਕਟਰ ਜੀ ਤੋਂ ਦੂਜੇ ਨੰਬਰ ਤੇ ਇਹਨਾਂ ਦੀ ਭੈਣ ਬੀਬੀ ਹਰਜੀਤ ਕੌਰ ਜੀ ਹਨ । ਇਸ ਬੀਬੀ ਦੇ ਪਤੀ ਓਂਕਾਰ ਸਿੰਘ ਜੀ ਰੀਟਾਇਰਡ ਜੱਜ ਹਨ, ਅਤੇ ਇਸ ਸਮੇਂ ਪਾਉਂਟਾ ਸਾਹਿਬ ਵਿਖੇ ਰਹਿ ਰਹੇ ਹਨ । ਇਹਨਾਂ ਦੇ ਲੜਕੇ ਭਾਈ ਗੁਰਸ਼ਰਨ ਸਿੰਘ ਨੂੰ ਡਾਕਟਰ ਜੀ ਦੀ ਵੱਡਮੁੱਲੀ ਸੰਗਤ ਪ੍ਰਾਪਤ ਰਹੀ ਹੈ, ਜੋ ਇਸ ਸਮੇਂ ਹਰਬਰਟਪੁਰ ਜ਼ਿਲਾ ਡੇਹਰਦੂਨ ਵਿਖੇ ੪੦ ਏਕੜ ਜ਼ਮੀਨ ਦੇ ਫਾਰਮ ਦੀ ਦੇਖ ਰੇਖ ਕਰਦੇ ਹਨ ਅਤੇ ਗੁਪਤ ਰਹਿ ਕੇ ਨਾਮ-ਬਾਣੀ ਵਿੱਚ ਜੁੱਟੇ ਰਹਿੰਦੇ ਹਨ ।

ਡਾਕਟਰ ਜੀ ਤੋਂ ਤੀਜੇ ਨੰਬਰ ਤੇ ਆਪ ਜੀ ਦਾ ਵੀਰ ਅਮਰਜੀਤ ਸਿੰਘ ਹੈ । ਉਹ ਇਸ ਸਮੇਂ ਬ੍ਰਿਟਿਸ਼ ਪੋਸਟਲ ਸਰਵਿਸ ਵਿੱਚ ਇੰਗਲੈਂਡ ਸਰਵਿਸ ਕਰ ਰਹੇ ਹਨ । ਡਾਕਟਰ ਜੀ ਤੋਂ ਚੌਥੇ ਨੰਬਰ ਤੇ ਬੀਬੀ ਮਹਿੰਦਰ ਕੌਰ ਜੀ ਹਨ ਅਤੇ ਉਹ ਆਪਣੇ ਪਤੀ ਸ: ਜਗਜੀਤ ਸਿੰਘ ਜੀ ਨਾਲ ਪਹਿਲਾਂ ਬੰਬਈ ਰਹਿੰਦੇ ਸਨ, ਜੋ ਕਿ ਨੇਵੀ ਵਿੱਚ ਸਰਵਿਸ ਕਰਦੇ ਸਨ । ਹੁਣ ਰੀਟਾਇਰ ਹੋ ਕੇ ਬਾਹਰ ਸਿਵਲ ਵਿੱਚ ਰਹਿ ਰਹੇ ਹਨ ।

ਡਾਕਟਰ ਜੀ ਨੇ ਅਜੇ ਪੂਰੀ ਤਰ੍ਹਾਂ ਹੋਸ਼ ਵੀ ਨਹੀਂ ਸੀ ਸੰਭਾਲੀ ਕਿ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਉਠ ਗਿਆ । ਮਾਤਾ ਪਿਤਾ ਦੇ ਵਿਛੋੜਾ ਦੇ ਜਾਣ ਬਾਅਦ ਆਪ ਜੀ ਨੂੰ ਨਿਕੇ ਵੀਰ ਅਤੇ ਭੈਣਾਂ ਸਮੇਤ ਆਪਣੇ ਨਾਨਾ ਨਾਨੀ ਜੀ ਪਾਸ ਰਹਿਣਾ ਪਿਆ । ਡਾਕਟਰ ਜੀ ਦੇ ਨਾਨਾ ਜੀ ਕਾਫੀ ਬਿਰਧ ਹੋ ਚੁਕੇ ਸਨ ਅਤੇ ਉਹਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਵਿਚਾਰਦਿਆਂ


www.AKJ.Org

ਇਹਨਾਂ ਚੌਹਾਂ ਭੈਣਾਂ ਭਰਾਵਾਂ ਨੂੰ ਇਹਨਾਂ ਦੇ ਤਾਏ ਦੇ ਘਰ ਭੇਜ ਦਿੱਤਾ। ਆਪ ਦੇ ਤਾਇਆ ਸ: ਹਰਦਿਤ ਸਿੰਘ ਜੀ ਉਦੋਂ ਮੇਰਠ ਵਿਖੇ ਪੁਲਿਸ ਡਿਪਟੀ ਸੁਪ੍ਰਟੈਂਡੈਂਟ ਸਨ। ਸ: ਹਰਦਿਤ ਸਿੰਘ ਦੇ ਗ੍ਰਿਹਿ ਵਿਖੇ ਹੀ ਡਾਕਟਰ ਜੀ ਦੇ ਪਿਤਾ ਜੀ ਨੇ ਸਰੀਰ ਛੱਡਿਆ ਸੀ।

ਸਰਦਾਰ ਹਰਦਿਤ ਸਿੰਘ ਦਾ ਆਪਣਾ ਬੱਚਾ ਕੋਈ ਨਹੀਂ ਸੀ ਅਤੇ ਉਹਨਾਂ ਨੇ ਇਹਨਾਂ ਚੌਹਾਂ ਭੈਣਾਂ ਭਰਾਵਾਂ ਨੂੰ ਰੱਖਣਾ ਬੜੀ ਹੀ ਖੁਸ਼ੀ ਨਾਲ ਕਬੂਲ ਲਿਆ। ਮੇਰਠ ਵਿਖੇ ਇਹਨਾਂ ਪਾਸ ਬੜਾ ਵੱਡਾ ਬੰਗਲਾ ਸੀ ਅਤੇ ਕਈ ਨੌਕਰ ਚਾਕਰ ਸਨ। ਇਥੋਂ ਤੱਕ ਕਿ ਇਹਨਾਂ ਨੇ ਬੰਗਲੇ ਵਿੱਚ ਕਈ ਕਿਸਮ ਦੇ ਜਾਨਵਰ ਆਦਿ ਪਾਲੇ ਹੋਏ ਸਨ। ਇਥੇ ਇਹਨਾ ਭੈਣ ਭਰਾਵਾਂ ਨੂੰ ਆਪਣੇ ਮਾਤਾ ਪਿਤਾ ਦਾ ਵਿਛੋੜਾ ਤਾਂ ਭਾਵੇਂ ਨਹੀਂ ਸੀ ਭੁਲਦਾ, ਪਰ ਪੂਰੀਆਂ ਸ਼ਹਿਨਸ਼ਾਹੀ ਸਹੂਲਤਾਂ ਹਾਸਲ ਹੋਣ ਕਰਕੇ ਬਿਰਹੋਂ ਦਾ ਸੇਕ ਕੁਝ ਘੱਟ ਗਿਆ।

ਡਾਕਟਰ ਜੀ ਦੀ ਬਚਪਨ ਤੋਂ ਹੀ ਰੁਚੀ ਸਾਧੂਆਂ ਵਾਲੀ ਸੀ। ਨਿੱਕੇ ਹੁੰਦਿਆਂ ਵੀ ਆਪ ਜੀ ਦਾ ਮਨ ਬਹੁਤ ਹੀ ਉਦਾਰ-ਚਿਤ ਤੇ ਦਿਆਲੂ ਸੀ। ਬੰਗਲੇ ਵਿੱਚ ਰੱਖੇ ਹੋਏ ਜਾਨਵਰਾਂ ਨਾਲ ਆਪ ਜੀ ਬਹੁਤ ਪਿਆਰ ਕਰਦੇ ਸਨ। ਇਥੋਂ ਦੀ ਇਕ ਬੜੀ ਦਿਲਚਸਪ ਘਟਨਾ ਆਪ ਜੀ ਦੀ ਛੋਟੀ ਭੈਣ ਹਰਜੀਤ ਕੌਰ ਨੇ ਇਉਂ ਦੱਸੀ ਹੈ ਕਿ ਡਾਕਟਰ ਜੀ ਘਰ ਵਿੱਚ ਪਾਲੀਆਂ ਮੁਰਗੀਆਂ ਨੂੰ ਰੋਜ਼ਾਨਾ ਚੋਗਾ ਆਦਿ ਸਮੇਂ ਸਿਰ ਪਾਇਆ ਕਰਦੇ ਸਨ ਅਤੇ ਉਹਨਾਂ ਨਾਲ ਖੇਡਿਆ ਕਰਦੇ ਸਨ। ਇਕ ਦਿਨ ਕੋਈ ਖਾਸ ਪਾਰਟੀ ਸੀ। ਨੌਕਰਾਂ ਨੇ ਮੁਰਗੀਆਂ ਫੜ ਲਈਆਂ ਤੇ ਡਾਕਟਰ ਜੀ ਦੇ ਸਾਹਮਣੇ ਹੀ ਉਹਨਾਂ ਨੂੰ ਕੱਟ-ਵੱਢ ਦਿੱਤਾ। ਬਸ ਫਿਰ ਕੀ ਸੀ, ਡਾਕਟਰ ਜੀ ਨੇ ਆਪਣੇ ਦਿਲ ਤੇ ਇਹੋ ਜਿਹੀ ਲਾਈ ਕਿ ਦੋ ਤਿੰਨ ਦਿਨ ਨਾ ਆਪ ਨੇ ਅਤੇ ਨਾ ਹੀ ਆਪ ਦੀ ਭੈਣ ਹਰਜੀਤ ਕੌਰ ਨੇ ਕੁਝ ਖਾਧਾ ਪੀਤਾ ਅਤੇ ਦੋਹਾਂ ਨੂੰ ਬੁਖ਼ਾਰ ਹੋ ਗਿਆ। ਭੈਣ ਤਾਂ ਜਲਦੀ ਠਕਿ ਹੋ ਗਈ ਪਰ ਵੀਰ ਦੇ ਦਿਲ ਤੇ ਇਸ ਦਾ ਏਨਾ ਅਸਰ ਹੋਇਆ ਕਿ ਠੀਕ ਹੋਣ ਵਿੱਚ ਹੀ ਨਾ ਆਉਣ। ਇਸ ਤੋਂ ਬਾਅਦ ਆਪ ਦੀ ਤਾਈ ਨੇ ਨੌਕਰਾਂ ਨੂੰ ਮਨ੍ਹਾਂ ਕਰ ਦਿੱਤਾ ਕਿ ਜਿਹੜਾ ਜਾਨਵਰ ਬੱਚਿਆਂ ਨੇ ਪਾਲਿਆ ਹੋਵੇ, ਉਸਨੂੰ ਬਿਲਕੁਲ ਨਹੀਂ ਛੇੜਨਾ। ਡਾਕਟਰ ਜੀ ਬਚਪਨ ਤੋਂ ਹੀ ਇਤਨੇ ਨਰਮ-ਦਿਲ ਸਨ ਕਿ ਕਿਸੇ ਦਾ ਦੁਖ ਆਪਣੀ ਅੱਖੀਂ ਨਹੀਂ ਸਨ ਦੇਖ ਸਕਦੇ।

## *ਮੁੱਢਲੀ ਵਿਦਿਆ*

ਮੁੱਢਲੀ ਵਿਦਿਆ ਆਪ ਜੀ ਨੇ ਮੇਰਠ ਅਤੇ ਡੇਹਰਾਦੂਨ ਵਿਖੇ ਪ੍ਰਾਪਤ ਕੀਤੀ। ਮੇਰਠ ਵਿਖੇ ਆਪ ਜੀ ਨੇ ਪ੍ਰਾਇਮਰੀ ਕੀਤੀ ਅਤੇ ਪੰਜਵੀਂ ਕਰਨ ਤੋਂ ਬਾਅਦ ਇਹਨਾਂ ਦੇ ਤਾਇਆ ਜੀ ਦੀ ਬਦਲੀ ਡੇਹਰਾਦੂਨ ਹੋ ਗਈ। ਉਥੇ ਆਪ ਜੀ ਨੂੰ ਸੇਂਟ ਜੌਸਫ ਅਕੈਡਮੀ ਵਿੱਚ ਦਾਖਲ ਕਰਵਾ ਦਿੱਤਾ ਗਿਆ। ਉਥੋਂ ਆਪ ਜੀ ਨੇ ਬੜੇ ਹੀ ਅੱਛੇ ਨੰਬਰਾਂ ਵਿਚ ਸੀਨੀਅਰ ਕੈਂਬਰਿਜ ਪਾਸ ਕਰ ਲਈ। ਡਾਕਟਰ ਜੀ ਵਿਦਿਆ-ਪ੍ਰਾਪਤੀ ਸਮੇਂ ਅਤੇ ਬਚਪਨ ਵਿੱਚ ਰਾਜਕੁਮਾਰਾਂ ਵਾਂਗ ਰਹਿੰਦੇ ਰਹੇ। ਜੋ ਇਹ ਹੁਕਮ ਕਰ ਦਿੰਦੇ ਸਨ, ਉਵੇਂ ਹੀ ਸਭ ਨੂੰ ਮੰਨਣਾ ਪੈਂਦਾ ਸੀ। ਨੌਕਰਾਂ ਨੇ ਹੀ ਆਪ ਜੀ ਨੂੰ ਕਾਰ 'ਚ ਸਕੂਲ ਲਿਜਾਣਾ ਅਤੇ ਨੌਕਰਾਂ ਨੇ ਹੀ ਵਾਪਸ ਲਿਆਉਣਾ। ਡਾਕਟਰ ਜੀ ਦੇ ਉਦਾਰ ਹਿਰਦੇ ਨੇ ਕਦੀ ਵੀ ਕਿਸੇ ਨੌਕਰ ਨੂੰ ਦੁਖਦਾਈ ਸ਼ਬਦ ਨਾ ਆਖਣਾ ਅਤੇ ਨਾਹੀ ਕਦੇ ਅਹਿਲਕਾਰਾਂ ਵਾਂਗ ਹੁਕਮ ਕਰਨਾ। ਆਪ ਦੇ ਹੁੰਦਿਆਂ ਜੇ ਕੋਈ ਨੌਕਰਾਂ ਨੂੰ ਝਿੜਕਦਾ ਵੀ ਤਾਂ ਆਪ ਨੇ ਕਹਿਣਾ ਕਿ ਕੀ ਇਹ ਇਨਸਾਨ ਨਹੀਂ। ਮਨੁਖ-ਮਾਤਰ ਲਈ ਕਿੰਨਾ ਪਿਆਰ-ਸਤਿਕਾਰ ਸੀ ਆਪ ਦੇ ਹਿਰਦੇ ਵਿਚ, ਬਾਲੜੀ ਉਮਰੇ ਹੀ। ਸੀਨੀਅਰ ਕੈਂਬਰਿਜ ਕਰਨ ਪਿਛੋਂ ਆਪ ਨੇ ਕਾਲਜ ਦਾਖਲ ਹੋ ਕੇ ਬੀ.ਏ. ਕੀਤੀ। ਕਾਲਜ ਦੀ ਵਿਦਿਆ ਤੋਂ ਬਾਅਦ ਆਪ ਨੇ ਪਾਰਟ ਟਾਈਮ ਆਟੋਮੋਬਾਈਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਕੀਤਾ।


www.AKJ.Org

## ਨੌਕਰੀ ਕਰਨੀ

ਦੁਨਿਆਵੀ ਵਿਦਿਆ ਡਾਕਟਰ ਜੀ ਨੇ ਜਿੰਨੀ ਹਾਸਲ ਕਰਨੀ ਸੀ, ਉਹ ਆਪ ਜੀ ਨੇ ੧੯੪੪ ਤੱਕ ਮੁਕਾ ਲਈ। ਹੁਣ ਆਪ ਜੀ ਦਾ ਰੁਝਾਨ ਕੋਈ ਸਰਵਿਸ ਕਰਨ ਦਾ ਬਣਿਆ ਅਤੇ ਆਪ ਜੀ ਆਪਣੀ ਭੈਣ ਹਰਜੀਤ ਕੌਰ ਪਾਸ ਦਿੱਲੀ ਪੁਜੇ। ਉਥੇ ਉਹਨਾਂ ਨੇ 'ਪਿਆਰੇ ਲਾਲ ਐਂਡ ਸੰਨਜ਼' ਫਰਮ ਵਿੱਚ ਨੌਕਰੀ ਕਰ ਲਈ। ੧੯੪੮ ਵਿੱਚ ਆਪ ਜੀ ਨੇ ਇਸ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਇਥੋਂ ਆਪ ਜੀ ਆਪਣੀ ਭੈਣ ਮੋਹਿੰਦਰ ਕੌਰ ਜੀ ਪਾਸ ਗਏ। ਬੰਬੇ ਵਿੱਚ ਇਹਨਾਂ ਨੇ 'ਫਾਇਰ ਸਟੋਨ ਕੰਪਨੀ' ਵਿੱਚ ਇੰਟਰਵਿਊ ਦਿੱਤੀ ਅਤੇ ਸਿਲੈਕਟ ਹੋ ਗਏ। ਇਥੇ ਨੌਕਰੀ ਕਰਨ ਸਮੇਂ ਹੀ ਆਪ ਜੀ ਨੂੰ ਨਾਨੀ ਜੀ ਦਾ ਸੁਨੇਹਾ ਪੁਜਾ ਕਿ ਮੈਨੂੰ ਆ ਕੇ ਮਿਲ ਜਾਉ। ਨਾਨੀ ਜੀ ਨੇ ਇਹਨਾਂ ਨੂੰ ਬਿਲਕੁਲ ਨਿੱਕੇ ਹੁੰਦਿਆਂ ਦਾ ਹੀ ਦੇਖਿਆ ਸੀ। ਆਪ ਦਾ ਨਾਨਕਾ ਪਿੰਡ ਗੰਦੋਵਾਲ ਸੀ। ਪਰ ਨਾਨੀ ਜੀ ਸ੍ਰੀ ਅਨੰਦਪੁਰ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਰਿਹਾਇਸ਼ੀ ਕਮਰੇ 'ਚ ਰਿਹਾ ਕਰਦੇ ਸਨ। ਨਾਨੀ ਜੀ ਇਕੱਲੇ ਹੀ ਸਨ ਅਤੇ ਉਹਨਾਂ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਪੈਸਾ ਗੁਰੂ ਘਰ 'ਚ ਦੇ ਦਿੱਤਾ ਸੀ। ਇਥੇ ਹੀ ਆਪ ਨਿਰਬਾਹ ਕਰਦੇ ਸਨ, ਕਦੇ ਕਦਾਈਂ ਆਪਣੇ ਪਿੰਡ ਗੰਦੋਵਾਲ ਆ ਜਾਇਆ ਕਰਦੇ ਸਨ। ਨਾਨੀ ਜੀ ਦੇ ਸੱਦੇ ਤੇ ਆਪ ਜੀ ਫਾਇਰ ਸਟੋਨ ਕੰਪਨੀ ਤੋਂ ਛੁੱਟੀ ਲੈ ਕੇ ਅਨੰਦਪੁਰ ਪੁੱਜੇ। ਨਾਨੀ ਨੇ ਆਪ ਜੀ ਨਾਲ ਬਹੁਤ ਹੀ ਪਿਆਰ ਕੀਤਾ। ਇਥੇ ਹੀ ਆਪ ਨੇ ਗੁਰਮੁਖੀ ਲਿਪੀ ਸਿੱਖੀ ਅਤੇ ਨਾਨੀ ਜੀ ਦੇ ਉਪਦੇਸ਼ ਤੇ ਹੀ ਮੂਲ-ਮੰਤਰ ਦਾ ਪਾਠ ਕਰਨਾ ਅਤੇ ਸਵੇਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰਨੀ ਆਰੰਭੀ। ਹੁਣ ਤੱਕ ਡਾਕਟਰ ਜੀ ਗੁਰਮੁਖੀ ਸਿੱਖ ਚੁਕੇ ਸਨ ਅਤੇ ਪਾਠ ਕਰਿਆ ਕਰਦੇ ਸਨ। ਜਲਦੀ ਹੀ ਆਪ ਨੂੰ ਨਿਤਨੇਮ ਵੀ ਕੰਠ ਹੋ ਗਿਆ। ਫਾਇਰ ਸਟੋਨ ਕੰਪਨੀ ਦੀ ਸਰਵਿਸ ਤੋਂ ਜਦੋਂ ਵੀ ਛੁੱਟੀ ਮਿਲਦੀ, ਆਪ ਨਾਨੀ ਜੀ ਪਾਸ ਹੀ ਠਹਿਰਦੇ। ੧੯੫੦ ਈਸਵੀ ਵਿੱਚ ਇਥੇ ਹੀ ਡਾਕਟਰ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਛਕਿਆ। ਆਪ ਜੀ ਦੇ ਨਾਨੀ ਜੀ ਦੇ ਕਈ ਅਲੌਕਿਕ ਦਿਬ-ਦ੍ਰਿਸ਼ਟੀ ਦੀਆਂ ਕਥਾਵਾਂ, ਡਾਕਟਰ ਜੀ ਦੀ ਜ਼ਬਾਨੀ ਗੁਰਸਿੱਖਾਂ ਦੇ ਹਿਰਦਿਆਂ 'ਚ ਹਨ, ਉਹ ਵੱਖਰੇ ਸਿਰਲੇਖ "ਬੀਬੀ ਪ੍ਰੇਮ ਕੌਰ ਜੀ" ਹੇਠ ਅਗੇ ਦਿੱਤੀਆਂ ਜਾਣਗੀਆਂ।

ਇਥੇ ਹੀ ਰਹਿੰਦਿਆਂ ਇਹਨਾਂ ਦਾ ਰੁਝਾਨ ਹੋਮਿਉਪੈਥਿਕ ਵਿਦਿਆ ਅਤੇ ਯੂਨਾਨੀ ਹਿਕਮਤ ਡੀਸ਼ੇਨ ਵਲ ਗਿਆ। ਪੂਰੀ ਡੂੰਘਿਆਈ 'ਚ ਪੁਜਣ ਤੇ ਲੋੜਵੰਦਾਂ ਦਾ ਇਲਾਜ ਮੁਫ਼ਤ ਹੀ ਕਰਦੇ ਰਹੇ। ਇਸੇ ਕਰਕੇ ਹੀ ਆਪ 'ਡਾਕਟਰ ਜੀ' ਦੇ ਨਾ ਨਾਲ ਅਖੰਡ ਕੀਰਤਨੀ ਜੱਥੇ ਵਿੱਚ ਮਸ਼ਹੂਰ ਹੋਏ।

## ਵਿਆਹ ਬਾਰੇ

ਡਾਕਟਰ ਜੀ ਬਚਪਨ ਤੋਂ ਹੀ ਬ੍ਰਹਮ-ਜਤੀ ਸਨ। ਜਦੋਂ ਵੀ ਕਿਸੇ ਨੇ ਆਪ ਜੀ ਨੂੰ ਵਿਆਹ ਕਰਾਉਣ ਹਿਤ ਕਹਿਣਾ ਤਾਂ ਆਪ ਜੀ ਨੇ ਟਾਲ-ਮਟੋਲ ਕਰ ਛੱਡਣਾ। ਕਰਨਲ ਪਿਆਰਾ ਸਿੰਘ ਜੀ, ੩੬ ਨੰਬਰ ਰਸਾਲੇ ਵਿੱਚ ਬਾਊ ਮੱਲ ਸਿੰਘ ਜੀ ਹੋਰਾਂ ਦੇ ਕਰਨਲ ਕਮਾਂਡਿੰਗ ਸਨ। ਇਸ ਵਿਅਕਤੀ ਦੀ ਸੰਗਤ ਵਿੱਚ ਹੀ, ਮਾਨਯੋਗ ਬਾਊ ਜੀ ਨੂੰ ਪ੍ਰਮਾਰਥਕ ਗੂੜ੍ਹੀ ਰੰਗਣ ਦੀ ਚਾਟ ਲੱਗੀ ਸੀ ਅਤੇ ਸਦਾ ਹੀ ਮਸਤੁਲ-ਮਸਤ ਰਹਿ ਕੇ ਨਾਮ-ਅਭਿਆਸ ਕਮਾਈਆਂ ਵਿੱਚ ਜੁੱਟੇ ਰਹਿੰਦੇ ਸਨ। ਕਰਨਲ ਸਾਹਿਬ ਅਤੇ ਬਾਊ ਜੀ ਦੇ ਹਿਰਦੇ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਈ ਅਤਿ ਦਾ ਸਤਿਕਾਰ ਬਣ ਚੁੱਕਾ ਸੀ ਅਤੇ ਉਹ ਦਿਨ ਰਾਤ ਭਾਈ ਸਾਹਿਬ ਜੀ ਦੀਆਂ ਰਾਹਾਂ ਤੱਕਦੇ ਰਹਿੰਦੇ ਸਨ। ਕਦੋਂ ਅਤੇ ਕਿਹੜਾ ਸੁਭਾਗਾ ਸਮਾਂ ਆਵੇ ਕਿ ਧੁਰੋਂ ਧੁਰੰਧਰੀ ਵੀਰਾਂ ਦਾ ਮਿਲਾਪ ਹੋਵੇ। ਕਰਨਲ ਸਾਹਿਬ ਨੇ ਆਪਣੀ ਪੋਤਰੀ ਦੇ ਰਿਸ਼ਤੇ ਬਾਰੇ ਡਾਕਟਰ ਜੀ ਨਾਲ ਵਿਚਾਰ ਕੀਤੀ। ਡਾਕਟਰ ਜੀ ਬੜੇ ਭੋਲੇ ਭਾਲੇ ਸਨ। ਜਵਾਬ ਤਾਂ ਭਾਵੇਂ ਨਾ ਦਿੱਤਾ ਪਰ ਬਾਅਦ ਵਿਚ ਗੱਲ ਨਿਕਲੀ ਕਿ ਲੜਕੀ ਦੀ ਮਾਤਾ ਡਾਕਟਰ ਜੀ


www.AKJ.Org

ਨੂੰ ਦਾੜ੍ਹਾ ਬੰਨ੍ਹਣ ਲਈ ਕਹਿ ਰਹੀ ਹੈ । ਬਸ ਫੇਰ ਕੀ ਸੀ, ਡਾਕਟਰ ਜੀ ਨੇ ਦਾੜ੍ਹਾ ਕੱਸਣਾ ਹਰਗਿਜ਼ ਪ੍ਰਵਾਨ ਨਾ ਕੀਤਾ ਅਤੇ ਆਪਣੀ ਅਸਹਿਮਤੀ ਪ੍ਰਗਟ ਕਰ ਦਿੱਤੀ । ਸਿੱਖੀ ਅਤੇ ਗੁਰਮਤਿ ਦੇ ਤੱਤ ਅਸੂਲਾ ਤੋਂ ਆਪ ਜੀ ਤਾਂ ਪਹਿਲਾਂ ਹੀ ਵਿਕੇ ਹੋਏ ਸਨ। ਬਸ ਫੇਰ ਕੀ ਸੀ, ਵਿਆਹ ਦਾ ਵਿਚਾਰ ਹੀ ਛੱਡ ਦਿੱਤਾ । ਮੁੜ ਕਦੀ ਵਿਆਹ ਕਰਾਉਣ ਦਾ ਵਿਚਾਰ ਜ਼ਿੰਦਗੀ ਭਰ ਨਹੀਂ ਲਿਆਂਦਾ । ਜਦੋਂ ਆਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਟਿਕੇ ਹੋਏ ਸਨ ਤਾਂ ਉਥੇ ਵੀ ਦੋਹਾਂ ਭੈਣਾਂ ਹਰਜੀਤ ਕੌਰ ਅਤੇ ਮਹਿੰਦਰ ਕੌਰ ਜੀ ਨੇ ਭਾਈ ਸਾਹਿਬ ਪਾਸ ਬਿਨੈ ਕੀਤੀ ਕਿ ਵੀਰ ਜੀ ਨੂੰ ਤੁਸੀਂ ਕਹੋ ਕਿ ਵਿਆਹ ਕਰਵਾ ਲੈਣ । ਜਾਂ ਆਪ ਜੀ ਹੀ ਕਿਸੇ ਗੁਰਮੁਖ, ਗੁਰਸਿਖ ਪਰਵਾਰ ਦੀ ਬੱਚੀ ਨਾਲ ਇਹਨਾ ਦਾ ਅਨੰਦ ਕਾਰਜ ਕਰਵਾ ਦੇਵੋ । ਭਾਈ ਸਾਹਿਬ ਇਸ ਸਮੇਂ ਲੁਧਿਆਣੇ ਵਿੱਚ ਆਪਣੇ ਕਮਰੇ ਵਿੱਚ ਪਲੰਘ ਤੇ ਬਿਰਾਜਮਾਨ ਸਨ ਅਤੇ ਡਾਕਟਰ ਜੀ ਫਰਸ਼ ਤੇ ਵਿਛੀ ਦਰੀ ਤੇ ਬੈਠੇ ਹੋਏ ਸਨ। ਉਦੋਂ ਭਾਈ ਸਾਹਿਬ ਜੀ ਦਾ ਹੇਠ ਲਿਖਿਆ ਬਚਨ ਡਾਕਟਰ ਜੀ ਨਾਲ ਹੋਇਆ :-

ਭਾਈ ਸਾਹਿਬ :-ਇਹ ਬੀਬੀ ਕੀ ਕਹਿੰਦੀ ਏ ?

ਭਾਈ ਸਾਹਿਬ :-ਬੜਾ ਔਖਾ ਹੈ, ਸੋਚ ਲੈ ।

ਡਾਕਟਰ ਜੀ :-ਕਈ ਨਿਭਾ ਗਏ ।

ਬਸ ਫੇਰ ਕੀ ਸੀ, ਅੰਦਰਲੀਆਂ ਬੁਝਣਹਾਰੇ ਭਾਈ ਸਾਹਿਬ ਜੀ ਨੇ ਕਹਿ ਦਿੱਤਾ, "ਬੀਬੀ ਇਹਨੇ ਵਿਆਹ ਨਹੀਂ ਕਰਵਾਉਣਾ । ਇਹ ਚੱਕਰਵਰਤੀ ਹੀ ਵਿਚਰਨਗੇ ।"ਉਸ ਦਿਨ ਤੋਂ ਬਾਅਦ ਫੇਰ ਕਦੀ ਵੀ ਭੈਣਾਂ ਨੇ ਆਪ ਜੀ ਨੂੰ ਵਿਆਹ ਲਈ ਮਜਬੂਰ ਨਹੀਂ ਕੀਤਾ ।......

ਆਉਂਦੇ ਪਰਚੇ ਵਿੱਚ 'ਫਾਇਰ ਸਟੋਨ ਕੰਪਨੀ' ਵਿਚੋਂ ਨੌਕਰੀ ਛੱਡਣੀ ਅਤੇ ਭਾਈ ਸਾਹਿਬ ਪਾਸ ਆ ਟਿਕਣਾ ਆਦਿ ਅਮਕਿਤ ਕੀਤਾ ਜਾਵੇਗਾ ।

*ਨੋਟ : ਡਾਕਟਰ ਸੁਰਿੰਦਰ ਸਿੰਘ ਜੀ ਨੂੰ ਪਿਆਰ ਕਰਨ ਵਾਲੇ ਅਨੇਕਾਂ ਪਿਆਰਿਆਂ ਦੇ ਹਿਰਦਿਆਂ ਵਿੱਚ, ਉਨ੍ਹਾਂ ਦੀਆਂ ਕਈ ਵਚਿੱਤਰ ਪ੍ਰੇਮ ਯਾਦਾਂ, ਦੱਬੀਆਂ ਪਈਆਂ ਹਨ । ਅਜਿਹੀਆਂ ਵਚਿੱਤਰ ਘਟਨਾਵਾਂ ਵੀਰ-ਭੈਣਾਂ 'ਸੂਰਾ' ਦੇ ਪਤੇ ਤੇ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ ।*



www.AKJ.Org

# ਸਮਾਗਮ ਸਰਗਰਮੀਆਂ

੧. *ਗੁਰਦੁਆਰਾ ਪੁਲ-ਪੁਖਤਾ ਪਾ: ੬, ਨੇੜੇ ਟਾਂਡਾ ਉੜਮੁੜ ਵਿਖੇ* ੧੩ ਸਤੰਬਰ ਤੋਂ ੧੬ ਸਤੰਬਰ ਤੱਕ ਅਖੰਡ ਕੀਰਤਨ ਸਮਾਗਮ ਹੇਠ ਲਿਖੇ ਅਨੁਸਾਰ ਹੋਣਗੇ :

| | |
|---|---|
| ੧੩ ਸਤੰਬਰ | ਆਰੰਭ ਸ੍ਰੀ ਅਖੰਡ ਪਾਠ ਸਾਹਿਬ |
| ੧੫ ਸਤੰਬਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ ਕੀਰਤਨ |
| ੧੫ ਸਤੰਬਰ | ਸ਼ਾਮ ਰੈਣਿ ਸਬਾਈ ਕੀਰਤਨ ਅਤੇ ਭੋਗ ੧੬ ਸਤੰਬਰ ਸਵੇਰੇ ੫ ਵਜੇ |

*- ਅਖੰਡ ਕੀਰਤਨੀ ਜੱਥਾ, ਟਾਂਡਾ*

੨. ਭਾਈ ਰਾਜਪਾਲ ਸਿੰਘ, ਮੁੱਖ ਸੇਵਾਦਾਰ ਅਜਨਾਲਾ ਸਰਕਲ ਦੀ ਸੂਚਨਾ ਮੁਤਾਬਿਕ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ੧ ਸਤੰਬਰ, ੨੦੦੧ ਨੂੰ ਰੈਣਿ ਸਬਾਈ ਕੀਰਤਨ *ਗੁਰਦੁਆਰਾ ਬਾਬਾ ਦੀਪ ਸਿੰਘ ਜੀ* ਡੇਰਾ ਰੋਡ, ਨੇੜੇ ਪੁਰਾਣਾ ਬੱਸ ਅੱਡਾ, ਅਜਨਾਲਾ ਵਿਖੇ ਹੋਣਗੇ। *- ਅਖੰਡ ਕੀਰਤਨੀ ਜੱਥਾ, ਅਜਨਾਲਾ*

੩. ਭਾਈ ਰਾਮ ਸਿੰਘ ਜੀ ਮੁੱਖ ਸੇਵਾਦਾਰ ਜ਼ਿਲਾ ਰੋਪੜ (ਮੋਹਾਲੀ ਵਾਲਿਆਂ ਦੀ ਸੂਚਨਾ ਮੁਤਾਬਿਕ ਗੁ: ਅੰਬ ਸਾਹਿਬ, ੭ ਫੇਜ਼, ਮੁਹਾਲੀ ਵਿਖੇ ੮ ਸਤੰਬਰ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਦੀਦਾਰ ਬਖਸ਼ੋ ਜੀ।

*- ਅਖੰਡ ਕੀਰਤਨੀ ਜੱਥਾ, ਮੁਹਾਲੀ*

੪. ਅਖੰਡ ਕੀਰਤਨੀ ਜੱਥਾਫ਼ਰੀਦਕੋਟ, ਭਾਈ ਸਰਵਨ ਸਿੰਘ ਅਤੇ ਭਾਈ ਦਰਬਾਰਾ ਸਿੰਘ ਜੀ ਦੀ ਸੂਚਨਾ ਮੁਤਾਬਕ ਗੁਰਦੁਆਰਾ ਖ਼ਾਲਸਾ ਦੀਵਾਨ ਫ਼ਰੀਦਕੋਟ ਵਿਖੇ ੮ ਸਤੰਬਰ ਨੂੰ ਰੈਣਿ ਸਬਾਈ ਕੀਰਤਨ ਹੋਣੇ ਹਨ। ਦੀਦਾਰ ਬਖਸ਼ੋ ਜੀ। *- ਸਾਧ ਸੰਗਤ ਅਤੇ ਅਖੰਡ ਕੀਰਤਨੀ ਜੱਥਾ, ਫ਼ਰੀਦਕੋਟ*

੫. ਅਖੰਡ ਕੀਰਤਨੀ ਜੱਥਾ ਬੰਗਾ, ਨਵਾਂ ਸ਼ਹਿਰ, ਫਗਵਾੜਾ ਦੇ ਪ੍ਰਬੰਧਕਾਂ ਅਧੀਨ ਮਿਤੀ ੧੫ ਸਤੰਬਰ ਨੂੰ ਪਿੰਡ ਮੂਸਾ ਪੁਰ (ਨੇੜੇ ਬੰਗਾ) ਵਿਖੇ ਰੈਣਿ ਸਬਾਈ ਕੀਰਤਨ ਹੋਣਗੇ। ਆਇ ਦੀਦਾਰੇ ਬਖਸ਼ੋ ਜੀ।

*- ਅਖੰਡ ਕੀਰਤਨੀ ਜੱਥਾ, ਮੁਸਾ ਪੁਰ*

੬. ਅੰਮ੍ਰਿਤਸਰ 'ਚ ਸੂਰਾ ਮਾਸਕ ਪੱਤਰ ਦੀ ਆਮਦ ਤੇ ਚੜ੍ਹਦੀ ਕਲਾ ਲਈ "ਅਰਦਾਸ ਦਿਵਸ" ਵਜੋਂ ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲਸਕੂਲ, ਰੇਲਵੇ ਕਲੋਨੀ ਬੀ-ਬਲਾਕ ਵਿਖੇ ੨੩ ਸਤੰਬਰ ਨੂੰ ਦਿਵਸ ਸੁਹੇਲਾ ਕੀਰਤਨ ਹੋਣਗੇ। ਆਇ ਦੀਦਾਰੇ ਬਖਸ਼ੋ ਜੀ।

*- ਸੂਰਾ ਪਰਿਵਾਰ, ਪ੍ਰਿੰਸੀਪਲ ਅਤੇ ਸਾਧ-ਸੰਗਤ, ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ*

੭. ਮਾਨਯਵਰ, ਬਾਊ ਮੱਲ ਸਿੰਘ ਜੀ ਦੀ ਪਵਿੱਤਰ ਸਾਲਾਨਾ ਯਾਦ 'ਚ ਮਿਤੀ ੧੯ ਅਕਤੂਬਰ ਨੂੰ ਗਲੀ ਬਾਊ ਮੱਲ ਸਿੰਘ ਜੀ, ਤਰਨ ਤਾਰਨ ਵਿਖੇ ਅਖੰਡ ਪਾਠ ਆਰੰਭ ਹੋਣਗੇ, ਭੋਗ ੨੧ ਅਕਤੂਬਰ ਨੂੰ ਪੈਣਗੇ ਉਪਰੰਤ ਦਿਵਸ ਸੁਹੇਲਾ ਕੀਰਤਨ। ਹਾਜ਼ਰੀਆਂ ਭਰਕੇ ਨਿਵਾਜਣਾ।

*- ਗੁਰਮੁਖ ਪ੍ਰਵਾਰ, ਬਾਊ ਮੱਲ ਸਿੰਘ ਜੀ, ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ -ਤਰਨ ਤਾਰਨ*



www.AKJ.Org

# ਸੁਖਮਨੀ ਦਾ ਨੂਰ

ਕਾਵਿ-ਅਨੁਵਾਦ-

ਸ਼੍ਰੋਮਣੀ ਕਵੀ ਸ੍ਰ: ਅਨੂਪ ਸਿੰਘ ਜੀ ਨੂਰੀ

ਮੈਨੇਜਰ, ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨ ਪੁਰ ਲੋਧੀ

ਸਲੋਕੁ ॥

ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥
ਸਰਣਿ ਤੁਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥

(ਲੜੀ ਜੋੜਨ ਲਈ 'ਅਗਸਤ ੨੦੦੧' ਦਾ ਅੰਕ ਦੇਖੋ)



www.AKJ.Org

## ਅਨੁਵਾਦ

ਦੀਨਾਂ ਦੇ ਦੁਖ ਦਰਦ ਸਭ ਦੂਰ ਕਰੇ ਕਰਤਾਰ,
ਹਰ ਦਿਲ ਤੇਰਾ ਵਾਸ ਹੈ ਸਤਿਗੁਰ ਸਿਰਜਣਹਾਰ ॥
ਤੂੰ ਨਾਥਾਂ ਦਾ ਨਾਥ ਹੈਂ ਤੇਰਾ ਨਾ ਕੋਈ ਨਾਥ,
ਸਰਣ ਆਪ ਦੀ ਆ ਗਿਆ ਮੈਂ ਸਤਿਗੁਰ ਦੇ ਸਾਥ॥


www.AKJ.Org

## ॥ ਅਸਟਪਦੀ ॥

੧. ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
੨. ਜਹ ਮਹਾ ਭਾਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
੩. ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
੪. ਅਨਿਕ ਪੁਨਹਚਰਨ ਕਰਤ ਨਹੀ ਤਰੈ ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
੫. ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥੧॥

✧✧✧

੧. ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
੨. ਲਾਖ ਕਰੋਰੀ ਬੰਧੁ ਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ ॥
੩. ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥
ਹਰਿ ਕਾ ਨਾਮੁ ਜਪਤ ਆਘਾਵੈ ॥
੪. ਜਿਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥
੫. ਐਸਾ ਨਾਮੁ ਮਨ ਸਦਾ ਧਿਆਈਐ ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥

✧✧✧

੧. ਛੂਟਤ ਨਹੀ ਕੋਟਿ ਲਖ ਬਾਹੀ ॥
ਨਾਮੁ ਜਪਤ ਤਹ ਪਾਰਿ ਪਰਾਹੀ ॥
੨. ਅਨਿਕ ਬਿਘਨ ਜਹ ਆਇ ਸੰਘਾਰੈ ॥
ਹਰਿ ਕਾ ਨਾਮੁ ਤਤਕਾਲ ਉਧਾਰੈ ॥


www.AKJ.Org

## ਅਨੁਵਾਦ

੧. ਜਦ ਮਾਂ, ਪਿਓ ਪੁੱਤ੍ਰ ਮੀਤ ਤੇ ਭਾਈ, ਬੰਦੇ ਦੇ ਨਾ ਬਣਨ ਸਹਾਈ ॥
ਉਥੇ ਬਸ ਇਕ ਨਾਮ ਪ੍ਰਭੂ ਦਾ, ਐ ਮਨ ਰਹਿਮਤ ਖ਼ਾਸ ਖ਼ੁਦਾਈ ॥
੨. ਜਦੋਂ ਭਿਆਨਕ ਦਲ ਜਮਾਂ ਦਾ, ਤੈਨੂੰ ਪਿਆਰੇ ਮਨ ਡਰਾਊ ॥
ਉਸ ਵੇਲੇ ਇਕ ਨਾਮ ਪ੍ਰਭੂ ਦਾ, ਐ ਮਨ ਤੈਨੂੰ ਉਦੋਂ ਬਚਾਊ ॥
੩. ਔਖੀ ਘੜੀ ਜਦੋਂ ਵੀ ਪਿਆਰੇ, ਤੇਰੇ ਉੱਤੇ ਕਿਧਰੇ ਆਊ ॥
ਪਲ ਵਿੱਚ ਕੇਵਲ ਨਾਮ ਪ੍ਰਭੂ ਦਾ, ਐ ਮਨ ਤੈਨੂੰ ਉਦੋਂ ਬਚਾਊ ॥
੪. ਧਰਮ ਦੇ ਕੰਮ ਅਨੇਕਾਂ ਕਰ ਵੀ, ਪਾਪਾਂ ਦਾ ਫਲ ਮਿਲੇ ਜ਼ਰੂਰ ॥
ਨਾਮ ਹਰੀ ਦਾ ਪਾਪ ਕ੍ਰੋੜਾਂ, ਪਲ ਦੇ ਵਿਚ ਕਰ ਦੇਂਦਾ ਹੈ ਦੂਰ ॥
੫. ਮੇਰੇ ਮਨ ਗੁਰ ਸਰਨੀ ਪੈ ਜੇ, ਨਾਮ ਜਪਣ ਵਿੱਚ ਸੁਰਤੀ ਲਾਵੇਂ ॥
ਉਸਦੀ ਕ੍ਰਿਪਾ ਸਦਕੇ ਤੂੰ ਵੀ, ਨੂਰੀ ਸੁਖ ਅਨੇਕਾਂ ਪਾਵੇਂ ॥

## ਅਨੁਵਾਦ

੧. ਹੋ ਕੇ ਸਾਰੇ ਜਗ ਦਾ ਰਾਜਾ, ਫਿਰ ਵੀ ਹੈ ਦੁਖੀਆ ਇਹ ਪ੍ਰਾਨੀ ॥
ਮਿਲਦਾ ਹੈ ਸੁਖ ਉਸ ਨੂੰ ਪਿਆਰੇ, ਨਾਮ ਜਪਣ ਦੀ ਜਿਸ ਮਨ ਠਾਨੀ ॥
੨. ਲੱਖ ਕ੍ਰੋੜ ਕਮਾ ਕੇ ਵੀ ਜਨ, ਫਿਰ ਵੀ ਜੇ ਧੀਰਜ ਨਹੀਂ ਧਰਦਾ ॥
ਪ੍ਰਭ ਦਾ ਸਿਮਰਨ ਹੀ ਇਕ ਪਿਆਰੇ, ਸਭ ਦਾ ਪਾਰ ਉਤਾਰਾ ਕਰਦਾ ॥
੩. ਰੰਗ ਅਨੇਕ ਏਸ ਮਾਇਆ ਦੇ, ਜਦ ਨ ਮਨ ਦੀ ਪਿਆਸ ਪੁਜਾਵਨ ॥
ਤਦ ਬੰਦੇ ਹਰੀ ਸਿਮਰਨ ਕਰ ਕੇ, ਆਪਣੇ ਮਨ ਦੀ ਆਸ ਬੁਝਾਵਨ ॥
੪. ਜਿਸ ਰਸਤੇ ਵਿਚ ਸੁਣ ਐ ਬੰਦੇ, ਤੂੰ ਹੈ ਅੰਤ ਇਕੱਲਿਆਂ ਜਾਣਾ ॥
ਉਸ ਬਿਖੜੇ ਮਾਰਗ ਵਿਚ ਤੇਰਾ, ਪ੍ਰਭੂ ਨਾਮ ਨੇ ਸਾਥ ਨਿਭਾਣਾ ॥
੫. ਐ ਮਨ ਐਸਾ ਨਾਮ ਪ੍ਰਭੂ ਦਾ, ਦਿਲ ਵਿਚ ਚੱਤੋ ਪਹਿਰ ਧਿਆਈਏ ॥
ਸਤਿਗੁਰ ਦੀ ਸਰਨਾਈ ਆ ਕੇ, ਨੂਰੀ ਮੁਕਤਿ ਪਦਾਰਥ ਪਾਈਏ ॥

## ਅਨੁਵਾਦ

੧. ਲੱਖ ਕ੍ਰੋੜ ਭਰਾਵਾਂ ਹੁੰਦੇ, ਜਦੋਂ ਕੋਈ ਚਲਦਾ ਨਹੀਂ ਚਾਰਾ ॥
ਨਾਮ ਪ੍ਰਭੂ ਦਾ ਸਿਮਰਨ ਕਰ ਕੇ, ਹੋ ਜਾਂਦਾ ਹੈ ਪਾਰ ਉਤਾਰਾ ॥
੨. ਅਤਿ ਮੁਸ਼ਕਲਾਂ ਇਸ ਬੰਦੇ ਨੂੰ, ਹਰ ਪਾਸਿਉਂ ਜਦ ਪਾਵਨ ਘੇਰਾ ॥
ਪਲ ਵਿਚ ਆਣ ਸਹਾਇਤਾ ਕਰਦਾ, ਐਸਾ ਨਾਮ ਪ੍ਰਭੂ ਹੈ ਤੇਰਾ ॥


www.AKJ.Org

੩. ਅਨਿਕ ਜੋਨਿ ਜਨਮੈ ਮਰਿ ਜਾਮ ॥
ਨਾਮੁ ਜਪਤ ਪਾਵੈ ਬਿਸ੍ਰਾਮ ॥
੪. ਹਉ ਮੈਲਾ ਮਲੁ ਕਬਹੁ ਨ ਧੋਵੈ ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥
੫. ਐਸਾ ਨਾਮੁ ਜਪਹੁ ਮਨ ਰੰਗਿ ॥
ਨਾਨਕ ਪਾਈਐ ਸਾਧ ਕੈ ਸੰਗਿ ॥੩॥

❖❖❖

੧. ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
੨. ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮ ਸੰਗਿ ਉਜੀਆਰਾ ॥
੩. ਜਹਾ ਪੰਥਿ ਤੇਰਾ ਕੋ ਨਾ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
੪. ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
੫. ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

❖❖❖

੧. ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥
੨. ਹਰਿ ਕਾ ਨਾਮੁ ਦਾਸ ਕੀ ਓਟ ॥
ਹਰਿ ਕੈ ਨਾਮਿ ਉਧਰੇ ਜਨ ਕੋਟਿ ॥
੩. ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥
੪. ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥
ਪਾਰਬ੍ਰਹਮਿ ਜਨ ਕੀਨੋ ਦਾਨ ॥
੫. ਮਨ ਤਨ ਰੰਗਿ ਰਤੇ ਰੰਗ ਏਕੈ ॥
ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥


www.AKJ.org

੩. ਚੌਰਾਸੀ ਦੇ ਗੇੜ 'ਚ ਪ੍ਰਾਨੀ, ਜੰਮਦਾ ਮਰਦਾ ਰਹਿੰਦਾ ਹੈ ਜਦ ॥
ਮੁਕਤੀ ਪਦ ਪ੍ਰਾਪਤ ਕਰਦਾ, ਨਾਮ ਤੇਰਾ ਉਹ ਲੈਂਦਾ ਹੈ ਜਦ ॥
੪. ਹਉਮੈ ਦੀ ਜੋ ਮੈਲ ਇਹ ਪ੍ਰਾਨੀ, ਕਰ ਨਹੀਂ ਸਕਦਾ ਮਨ ਤੋਂ ਦੂਰ ॥
ਨਾਮ ਹਰੀ ਦਾ ਪਾਪ ਕ੍ਰੋੜਾਂ, ਪਲ ਵਿਚ ਕਰ ਦੇਂਦਾ ਕਾਫੂਰ ॥
੫. ਐ ਮਨ ਐਸਾ ਨਾਮ ਪ੍ਰਭੂ ਦਾ, ਜਪਿਆ ਕਰ ਤੂੰ ਨਾਲ ਪਿਆਰ ॥
ਮਿਲਦਾ ਹੈ ਇਹ ਸਾਧ ਸੰਗਤ ਤੋਂ, ਨੂਰੀ ਸਤਿਗੁਰ ਸਿਰਜਣਹਾਰ ॥

## ਅਨੁਵਾਦ

੧. ਜੀਵਨ ਰੂਪੀ ਜਿਸ ਰਸਤੇ ਦੇ, ਕੋਹਾਂ ਦਾ ਨਹੀਂ ਕੋਈ ਸ਼ੁਮਾਰ ॥
ਉਸ ਰਸਤੇ ਵਿੱਚ ਨਾਮ ਪ੍ਰਭੂ ਦਾ, ਬੰਦੇ ਤੇਰਾ ਬਣੂ ਆਧਾਰ ॥
੨. ਜਿਹੜੇ ਰਸਤੇ ਵਿਚ ਹਰ ਪਾਸੇ ਹੀ, ਛਾਇਆ ਹੋਇਆ ਘੁੱਪ ਹਨੇਰਾ ॥
ਉਥੇ ਕਰਦਾ ਨਾਮ ਪ੍ਰਭੂ ਦਾ, ਨੂਰੀ ਰੌਸ਼ਨ ਚਾਰ ਚੁਫੇਰਾ ॥
੩. ਜਿਸ ਰਸਤੇ ਵਿਚ ਬੰਦੇ ਤੇਰਾ, ਨਾ ਕੋਈ ਸਾਥੀ ਨਾ ਕੋਈ ਬੇਲੀ ॥
ਉਸ ਰਸਤੇ ਵਿਚ ਨਾਮ ਹਰੀ ਦਾ, ਤੇਰਾ ਸੰਗੀ ਤੇਰਾ ਬੇਲੀ ॥
੪. ਜਿਹੜੇ ਰਾਹ ਵਿਚ ਅਤ ਭਿਆਨਕ, ਗਰਮੀ ਪ੍ਰਾਨੀ ਨੂੰ ਤੜਪਾਵੇ ॥
ਉਸ ਰਸਤੇ ਵਿਚ ਨਾਮ ਹਰੀ ਦਾ, ਠੰਡੀ ਛਾਂ ਸਮ ਸੁਖ ਪਹੁੰਚਾਵੇ ॥
੫. ਜਿਸ ਰਾਹ ਦੇ ਵਿਚ ਮੋਹ ਮਾਇਆ ਦੀ, ਤੈਨੂੰ ਐ ਮਨ ਪਿਆਸ ਸਤਾਊ ॥
ਉੱਥੇ ਨੂਰੀ ਸਤਿਗੁਰੂ ਮੇਰਾ, ਹਰੀ ਨਾਮ ਦੀ ਵਰਖਾ ਪਾਊ ॥

## ਅਨੁਵਾਦ

੧. ਨਾਮ ਪ੍ਰਭੂ ਸੰਗ ਭਗਤਾਂ ਦਾ ਹੈ, ਹਰ ਵੇਲੇ ਪਿਆਰੇ ਵਰਤਾਰਾ ॥
ਸੰਤ ਜਨਾਂ ਦੇ ਮਨ ਰੱਖਦਾ ਹੈ, ਵਾਸਾ ਮੇਰਾ ਸਤਿਗੁਰ ਪਿਆਰਾ ॥
੨. ਨਾਮ ਪ੍ਰਭੂ ਦਾ ਭਗਤਾਂ ਦੇ ਲਈ, ਐ ਮਨ ਇਕੋ ਇਕ ਸਹਾਰਾ ॥
ਇਸ ਦੇ ਨਾਲ ਕ੍ਰੋੜਾਂ ਪਾਪੀ, ਪਾਉਂਦੇ ਪਿਆਰੇ ਪਾਰ ਉਤਾਰਾ ॥
੩. ਨਿਸਦਿਨ ਸੰਤ ਸਦਾ ਨੇ ਕਰਦੇ, ਹਰ ਪ੍ਰਭ ਦੀ ਹੀ ਸੋਭਾ ਪਿਆਰੇ ॥
ਨਾਮ ਦਾ ਦਾਰੂ ਹਾਸਲ ਕਰਕੇ, ਹਉਮੈ ਰੋਗ ਮਿਟਾਵਨ ਸਾਰੇ ॥
੪. ਭਗਤ ਜਨਾਂ ਦੇ ਮਨ ਵਿਚ ਰਹਿੰਦਾ, ਹਰੀ ਨਾਮ ਦਾ ਇਕ ਖਜ਼ਾਨਾ ॥
ਆਪ ਪ੍ਰਭੂ ਨੇ ਸੰਤਾਂ ਨੂੰ ਇਹ, ਬਖਸ਼ਿਸ਼ ਕੀਤਾ ਹੈ ਨਜ਼ਰਾਨਾ ॥
੫. ਭਗਤ ਜਨਾਂ ਦੇ ਤਨ ਮਨ ਪਿਆਰੇ, ਪ੍ਰਭੂ ਨਾਮ ਦੇ ਰੰਗ 'ਚ ਰੰਗੇ ॥
ਸਤਿਗੁਰੂ ਸੂਝ ਇਨ੍ਹਾਂ ਨੂੰ ਬਖਸ਼ੀ, ਪਰਖ ਸਕਣ ਉਹ ਚੰਗੇ ਮੰਦੇ ॥

(ਚਲਦਾ ਹੈ)


www.AKJ.org

# 'ਮੈਂ ਜਾ ਰਿਹਾ ਹਾਂ ਰਾਣੀ, ਤੁਸੀਂ ਮੇਰੇ ਰਤਨ ਨੂੰ ਸਿੱਖ ਬਨਾਉਣਾ'

੧੬੮੫ ਈ: ਦੇ ਵਿਸਾਖ ਮਹੀਨੇ ਵਿੱਚ ਜਿਹੜੇ ਸ਼ਰਧਾਲੂ ਕਾਬਲ, ਕੰਧਾਰ, ਬਲਖ਼, ਬੁਖ਼ਾਰਾ ਅਤੇ ਗਜ਼ਨੀ ਤੋਂ ਆਏ, ਉਹ ਆਪਣੇ ਨਾਲ ਉੱਨ ਦਾ ਬਣਿਆ ਹੋਇਆ ਇਕ ਬਹੁਤ ਵੱਡਾ ਤੰਬੂ ਲਿਆਏ, ਜਿਸਨੂੰ ਵੇਖ ਕੇ ਬੜਾ ਅਚੰਭਾ ਹੁੰਦਾ ਸੀ। ਉਸ ਤੋਂ ਵੱਡਾ ਤੰਬੂ ਪਹਿਲਾਂ ਕਦੀ ਕਿਸੇ ਨੇ ਨਹੀਂ ਸੀ ਦੇਖਿਆ। ਸੂਤੀ ਕਪੜੇ ਦੀ ਥਾਂ ਬਹੁਤ ਵਧੀਆ ਉੱਨ ਨਾਲ ਬਣਿਆ ਹੋਇਆ ਸੀ ਉਹ, ਸੋਨੇ ਅਤੇ ਚਾਂਦੀ ਦੀਆਂ ਤਾਰਾਂ ਨਾਲ ਉਸ ਤੇ ਬੜੇ ਸੁੰਦਰ ਬੇਲ-ਬੂਟੇ, ਮਨੁੱਖ, ਜਾਨਵਰ ਅਤੇ ਪੰਛੀ ਬਣਾਏ ਗਏ ਸਨ। ਇਹ ਤੰਬੂ ਕਾਬਲ ਦੇ ਇੱਕ ਸਿੱਖ ਦੁਨੀ ਚੰਦ ਨੇ ਘੱਲਿਆ ਸੀ। ਉਸ ਜ਼ਮਾਨੇ ਵਿੱਚ ਇਹੋ ਜਿਹਾ ਵਧੀਆ ਤੰਬੂ ਸ਼ਾਇਦ ਔਰੰਗਜ਼ੇਬ ਦੇ ਕੋਲ ਵੀ ਨਹੀਂ ਸੀ।

ਵਿਸਾਖੀ ਤੋਂ ਛੁੱਟ, ਦਿਵਾਲੀ ਵਾਲੇ ਦਿਨ ਵੀ ਉਥੇ ਇਕ ਬੜਾ ਵੱਡਾ ਦਰਬਾਰ ਲੱਗਦਾ ਹੁੰਦਾ ਸੀ। ਉਹੋ ਸਾਰੀਆਂ ਗੱਲਾ ਹੁੰਦੀਆਂ, ਜਿਹੜੀਆਂ ਵਿਸਾਖੀ ਉਤੇ ਹੁੰਦੀਆਂ ਸਨ। ਇਵੇਂ ਹੀ ਇਕ ਦਿਵਾਲੀ ਵਾਲੇ ਦਿਨ ਆਸਾਮ ਦੇ ਇਕ ਨੌਜਵਾਨ ਰਾਜਾ ਰਤਨ ਰਾਏ ਆਪਣੀ ਮਾਤਾ ਜੀ ਦੇ ਸੰਗ ਗੁਰੂ ਮਹਾਰਾਜ ਜੀ ਦੇ ਦਰਸ਼ਨਾ ਨੂੰ ਅਨੰਦਪੁਰ ਸਾਹਿਬ ਪਹੁੰਚੇ। ਰਾਜਾ ਰਤਨ ਰਾਏ ਦੇ ਪਿਤਾ ਰਾਜਾ ਰਾਮ ਰਾਏ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਭਗਤ ਸਨ। ਉਹਨਾਂ ਦੇ ਘਰ ਕੋਈ ਪੁੱਤਰ ਨਹੀਂ ਸੀ, ਇਸ ਕਾਰਨ ਬੜੇ ਦੁਖੀ ਸਨ ਉਹ। ਗੁਰੂ ਤੇਗ਼ ਬਹਾਦਰ ਜੀ ਨੇ ਹੱਸਦਿਆਂ ਕਿਹਾ, "ਦੁਖੀ ਕਿਉਂ ਹੁੰਦੇ ਹੋ ਰਾਮ ਰਾਏ ! ਤੁਹਾਨੂੰ ਪੁੱਤਰ ਚਾਹੀਦਾ ਹੈ ਨਾ--ਹੋ ਜਾਏਗਾ ਪੁੱਤਰ--ਰਤਨ ਵਰਗਾ ਪੁੱਤਰ ਹੋਵੇਗਾ ਤੁਹਾਡੇ ਘਰ। ਇਹ ਫ਼ਕੀਰ ਦਾ ਅਸ਼ੀਰਵਾਦ ਹੈ।" ਰਾਮ ਰਾਏ ਨੇ ਗੁਰੂ ਮਹਾਰਾਜ ਦੇ ਚਰਨਾਂ ਉਤੇ ਸੀਸ ਰੱਖ ਦਿੱਤਾ, ਆਪਣੇ ਹੰਝੂਆਂ ਨਾਲ ਗੁਰੂ ਮਹਾਰਾਜ ਦੇ ਚਰਨ ਧੋ ਛੱਡੇ, ਅਤੇ ਸਚ ਮੁਚ ਹੀ ਉਸ ਦੇ ਘਰ ਪੁੱਤਰ ਹੋਇਆ ਤਾਂ ਗੁਰੂ ਮਹਾਰਾਜ ਦੀ ਗੱਲ ਚੇਤੇ ਕਰਦਿਆਂ ਉਸ ਨੇ ਪੁੱਤਰ ਦਾ ਨਾਂ ਰੱਖ ਦਿੱਤਾ 'ਰਤਨ ਰਾਏ'। ਪਰੰਤੂ ਪੁੱਤਰ ਦੀ ਦਾਤ ਮਿਲਿਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ ਰਾਮ ਰਾਏ ਨੂੰ 'ਕਾਲ ਬੁਲਾਵਾ' ਆ ਗਿਆ। ਅੰਤਮ ਵੇਲੇ ਉਸਨੇ ਆਪਣੀ ਰਾਣੀ ਨੂੰ ਬੁਲਾ ਕੇ ਹੌਲੀ ਜਿਹੀ ਕਿਹਾ, "ਮੈਂ ਜਾ ਰਿਹਾ ਹਾਂ ਰਾਣੀ ! ਤੁਸੀਂ ਮੇਰੇ ਰਤਨ ਦੀ ਰੱਖਿਆ ਕਰਨਾ।ਉਹ ਜਦੋਂ ਵੱਡਾ ਹੋਵੇ, ਉਸ ਨੂੰ ਗੁਰਬਾਣੀ ਦਾ ਉਪਦੇਸ਼ ਦੇਣਾ। ਉਸ ਨੂੰ ਗੁਰੂ ਜੀ ਦਾ ਸਿੱਖ ਬਨਾਉਣਾ ਅਤੇ ਉਸ ਨੂੰ ਇਹ ਵੀ ਦੱਸਣਾ ਕਿ ਉਸ ਦਾ ਜਨਮ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਕ੍ਰਿਪਾ ਨਾਲ ਹੋਇਆ ਹੈ ਅਤੇ ਉਸ ਦੇ ਗੁਰੂ ਪੰਜਾਬ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਨ।" ਇਹ ਕਹਿ ਕੇ ਉਸ ਨੇ ਪ੍ਰਾਣ ਤਿਆਗ ਦਿੱਤੇ। ਰਤਨ ਰਾਏ ਵੱਡਾ ਹੋਇਆ ਤਾਂ ਕਿਸੇ ਦੇ ਕਹਿਣ ਤੇ ਨਹੀਂ ਸਗੋਂ ਆਪਣੇ ਆਪ ਹੀ ਉਸਨੂੰ ਗੁਰਬਾਣੀ ਨਾਲ ਪਿਆਰ ਹੋ ਗਿਆ। ਜਦੋਂ ਹੋਰ ਸਿਆਣਾ ਹੋਇਆ ਅਤੇ ਉਸ ਨੂੰ ਪਤਾ ਲੱਗਾ ਕਿ ਉਸ ਦਾ ਜਨਮ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਕ੍ਰਿਪਤ ਨਾਲ ਹੋਇਆ ਹੈ ਤਾਂ ਉਸ ਦਾ ਦਿਲ ਅਜਿਹੇ ਮਹਾਂ ਪੁਰਸ਼ ਨੂੰ ਵੇਖਣ ਲਈ ਬਿਹਬਲ ਹੋ ਉਠਿਆ, ਜਿਹੜਾ ਸੱਚੇ ਅਰਥਾਂ ਵਿੱਚ ਉਸ ਦਾ ਰੂਹਾਨੀ ਪਿਤਾ ਸੀ। ਉਹ ਹਰ ਕਿਸੇ ਨੂੰ ਕਹਿੰਦਾ ਫਿਰਦਾ, "ਮੇਰੇ ਗੁਰੂ ਜੀ ਪੰਜਾਬ ਵਿੱਚ ਰਹਿੰਦੇ ਹਨ, ਮੈਂ ਉਹਨਾਂ ਦੇ ਦਰਸ਼ਨ ਕਰਨ ਜਾਵਾਂਗਾ। ਉਹ ਮੈਨੂੰ ਸਿਆਣ ਲੈਣਗੇ, ਮੈਂ ਉਹਨਾਂ ਦੀ ਅਸ਼ੀਰਵਾਦ ਨਾਲ ਹੋਇਆ ਹਾਂ। ਉਹ ਹੀ ਮੇਰੇ ਪਿਤਾ ਹਨ।" ਪਰੰਤੂ ਜਦੋਂ ਉਸਨੂੰ ਪਤਾ ਲੱਗਾ ਕਿ ਉਸ ਦੇ ਗੁਰੂ ਪਿਤਾ ਦਾ ਸਿਰ ਦਿੱਲੀ ਸ਼ਹਿਰ ਵਿੱਚ ਧੜ ਨਾਲੋਂ ਵੱਖ ਕਰ ਦਿੱਤਾ ਗਿਆ ਹੈ ਅਤੇ ਉਹ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ, ਤਾਂ ਨਿੱਕਾ ਜਿਹਾ ਰਤਨ ਭੁੱਬਾਂ ਮਾਰ ਕੇ ਰੋ ਉਠਿਆ। ਬੜੀ ਹੀ ਮੁਸ਼ਕਿਲ ਨਾਲ ਉਸ ਨੂੰ ਮਾਂ ਨੇ ਸਮਝਾਇਆ-- "ਰੋ ਨਹੀਂ ਮੇਰੇ ਲਾਲ ! ਸਾਡੇ ਗੁਰੂ ਜੀ ਦਾ ਭਾਵੇਂ ਸਰੀਰ ਹੁਣ ਇਸ ਸੰਸਾਰ ਵਿੱਚ ਨਹੀਂ, ਪਰੰਤੂ ਉਹਨਾਂ ਦੀ ਜੋਤੀ ਹੁਣ ਵੀ ਉਹਨਾ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਦਰ ਜਗਮਗਾ ਰਹੀ ਹੈ, ਉਹਨਾਂ ਪਾਸ ਚਲਾਂਗੇ ਅਸੀਂ। ਉਹਨਾਂ ਦੇ ਚਰਨਾਂ ਵਿੱਚ ਤੈਨੂੰ ਉਵੇਂ ਹੀ ਸ਼ਾਂਤੀ ਮਿਲੇਗੀ ਜਿੰਨੀ ਤੇਰੇ ਪਿਤਾ ਜੀ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿਚੋਂ ਮਿਲਦੀ ਸੀ ।"


www.AKJ.Org

ਰਤਨ ਰਾਏ ਉਸ ਸਮੇਂ ਬਾਰਾਂ ਵਰ੍ਹਿਆਂ ਦਾ ਸੀ । ਉਸਨੂੰ ਜਦੋਂ ਇਹ ਪਤਾ ਲੱਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਥੀਆਂ, ਘੋੜਿਆਂ ਅਤੇ ਸ਼ਸਤ੍ਰਾਂ ਦਾ ਸ਼ੌਂਕ ਹੈ ਤਾਂ ਉਸ ਨੇ ਆਪਣੇ ਆਦਮੀਆਂ ਨੂੰ ਜੰਗਲ ਵਿਚ ਭੇਜਿਆ ਕਿ ਅਜਿਹਾ ਹਾਥੀ ਲੈ ਕੇ ਆਉ, ਜਿਸ ਦੇ ਨਾਲ ਦਾ ਹੋਰ ਕਿਧਰੇ ਨਾ ਮਿਲੇ ਅਤੇ ਉਸ ਦੇ ਨਸੀਬਾਂ ਨੂੰ ਸੱਚ ਮੁੱਚ ਹੀ ਇਹੋ ਜਿਹਾ ਹਾਥੀ ਮਿਲ ਗਿਆ । ਹਾਥੀ ਕਾਲੇ ਰੰਗ ਦਾ ਸੀ ਪਰ ਉਸ ਦੇ ਸਾਰੇ ਸਰੀਰ ਤੇ, ਸੁੰਢ ਦੇ ਸਿਰੇ ਤੋਂ ਲੈ ਕੇ ਸਰੀਰ ਦੇ ਆਖਰੀ ਹਿੱਸੇ ਤੱਕ ਇਕ ਚਿੱਟੀ ਦੁੱਧ ਅਤੇ ਸੁੰਦਰ, ਲਗ ਭਗ ਚਾਰ ਉਂਗਲ ਚੌੜੀ ਧਾਰੀ ਬਣੀ ਹੋਈ ਸੀ । ਸੱਚਮੁੱਚ ਹੀ ਇਸ ਤੋਂ ਪਹਿਲਾਂ ਕਦੀ ਕਿਸੇ ਨੇ ਇਹੋ ਜਿਹਾ ਹਾਥੀ ਨਹੀਂ ਸੀ ਦੇਖਿਆ ਅਤੇ ਨਾ ਹੀ ਉਸ ਤੋਂ ਪਿਛੋਂ ਕਿਸੇ ਨੇ ਵੇਖਿਆ । ਰਤਨ ਰਾਏ ਨੇ ਉਸ ਹਾਥੀ ਨੂੰ ਭਿੰਨ ਭਿੰਨ ਖੇਲ ਸਿਖਾਏ । ਇਵੇਂ ਹੀ, ਉਸ ਨੇ ਹੁਕਮ ਦੇ ਕੇ ਇਕ ਅਜਿਹਾ ਸ਼ਸਤ੍ਰ ਬਣਵਾਇਆ, ਜਿਹੜਾ ਜ਼ਰਾ ਕੁ ਬਟਨ ਦਬਾਉਣ ਤੇ ਕਦੀ ਪਸਤੌਲ,. ਕਦੀ ਤਲਵਾਰ, ਕਦੀ ਨੇਜ਼ਾ, ਕਦੀ ਖੰਜਰ ਅਤੇ ਕਦੀ ਗੁਰਜ਼ ਬਣ ਜਾਂਦਾ ਸੀ । ਇਕੋ ਸ਼ਸਤ੍ਰ ਵਿੱਚ ਪੰਜ ਸ਼ਸਤ੍ਰ ਇਕੱਠੇ ਕਰ ਦਿੱਤੇ ਗਏ ਸਨ । ਇਵੇਂ ਹੀ ਪੰਜ ਘੋੜੇ ਵੀ ਉਸ ਨੇ ਚੁਣੇ, ਜਿਨ੍ਹਾਂ ਤੋਂ ਵਧੀਆ ਘੋੜੇ ਹੋਰ ਕਿਸੇ ਪਾਸ ਨਹੀਂ ਸਨ । ਉਹਨਾਂ ਲਈ ਸੋਨੇ ਚਾਂਦੀ ਅਤੇ ਰੇਸ਼ਮ ਨਾਲ ਬਣੇ ਹੋਏ ਜ਼ੀਨ ਤਿਆਰ ਕਰਵਾਏ ਗਏ । ਕਈ ਹੋਰ ਚੀਜ਼ਾਂ ਵੀ ਇਕੱਠੀਆਂ ਕੀਤੀਆਂ ਗਈਆਂ ।

ਸਪੱਸ਼ਟ ਹੈ ਕਿ ਸਾਰੀਆਂ ਵਸਤੂਆਂ ਬਹੁਤ ਮਹਿੰਗੀਆਂ ਸਨ । ਇਤਨੀਆਂ ਕੀਮਤੀ ਚੀਜ਼ਾਂ ਵੇਖ ਕੇ, ਕਿਤੇ ਪੁੱਤਰ ਦੇ ਦਿਲ ਵਿੱਚ ਹੰਕਾਰ ਨਾ ਆ ਜਾਏ, ਇਸ ਲਈ ਰਤਨ ਰਾਏ ਦੀ ਮਾਂ ਨੇ ਪੁੱਤਰ ਨੂੰ ਬੁਲਾ ਕੇ ਕਿਹਾ, "ਗੁਰੂ ਮਹਾਰਾਜ ਲਈ ਜਿਹੜੀਆਂ ਚੀਜ਼ਾਂ ਤੂੰ ਤਿਆਰ ਕਰਵਾਈਆਂ ਹਨ, ਉਹ ਚੰਗੀਆਂ ਹਨ, ਬਹੁਤ ਸੁੰਦਰ ਹਨ, ਕੀਮਤੀ ਵੀ ਹਨ, ਪਰ ਇਸ ਗੱਲ ਨੂੰ ਨਾ ਭੁੱਲ ਜਾਣਾ ਪੁੱਤਰ ਕਿ ਸਾਡੇ ਕੋਲ ਜੋ ਕੁਝ ਵੀ ਹੈ, ਉਹ ਗੁਰੂ ਜੀ ਦਾ ਬਖਸ਼ਿਆ ਹੋਇਆ ਹੈ, ਉਹਨਾਂ ਦੇ ਬਾਗ ਵਿਚੋਂ ਹੀ ਕੁਝ ਫੁਲ ਤੋੜ ਕੇ ਜੇਕਰ ਅਸੀਂ ਉਹਨਾਂ ਨੂੰ ਭੇਂਟ ਕਰ ਦੇਈਏ ਤਾਂ ਇਸ ਵਿੱਚ ਸਾਡੀ ਕੋਈ ਵਡਿਆਈ ਨਹੀਂ ਹੋਵੇਗੀ ।"

ਰਤਨ ਰਾਏ ਆਪਣੀ ਮਾਂ ਦਾ ਭਾਵ ਸਮਝ ਗਿਆ, "ਮੇਰੇ ਮਨ ਵਿੱਚ ਕੋਈ ਅਭਿਮਾਨ ਨਹੀਂ ਮਾਂ ! ਤੁਸੀਂ ਚਿੰਤਾ ਨਾ ਕਰੋ।"

ਅਤੇ ਅਨੰਦਪੁਰ ਪੁਜ ਕੇ ਜਦੋਂ ਉਹਨਾਂ ਨੇ ਇਹ ਸਾਰੀਆਂ ਚੀਜ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਂਟ ਕੀਤੀਆਂ ਤਾਂ ਸੱਚਮੁੱਚ ਹੀ ਗੁਰੂ ਜੀ ਬੜੇ ਪ੍ਰਸੰਨ ਹੋਏ । ਰਤਨ ਰਾਏ ਦੇ ਹਾਥੀ ਨੇ ਗੁਰੂ ਮਹਾਰਾਜ ਤੇ ਚਵਰ ਚਨੌਰ ਝੁਲਾਇਆ, ਆਪਣੀ ਸੁੰਡ ਨਾਲ ਪਾਣੀ ਦਾ ਭਾਂਡਾ ਫੜ ਕੇ ਉਹਨਾਂ ਦੇ ਚਰਨ ਧੁਵਾਏ, ਇਕ ਕੱਪੜੇ ਨੂੰ ਸੁੰਡ ਨਾਲ ਫੜ ਕੇ ਗੁਰੂ ਮਹਾਰਾਜ ਦੇ ਚਰਨ ਪੂੰਝੇ । ਫਿਰ ਉਹਨਾ ਦੇ ਜੋੜੇ ਚੁਕ ਕੇ ਉਹਨਾ ਦੇ ਸਾਹਮਣੇ ਰੱਖ ਦਿੱਤੇ, ਗੁਰੂ ਮਹਾਰਾਜ ਜੀ ਨੇ ਜਿਹੜੇ ਤੀਰ ਚਲਾਏ, ਉਹਨਾਂ ਨੂੰ ਢੂੰਡ ਕੇ ਲੈ ਆਂਦਾ, ਇਹੋ ਜਿਹੇ ਕਿਤਨੇ ਹੀ ਖੇਲ ਹਾਥੀ ਨੇ ਵਿਖਾਏ । ਰਤਨ ਰਤਏ ਦੇ ਲਿਆਂਦੇ ਘੋੜਿਆਂ ਨੂੰ ਵੇਖ ਕੇ ਵੀ ਗੁਰੂ ਮਹਾਰਾਜ ਜੀ ਬੜੇ ਪ੍ਰਸੰਨ ਹੋਏ, ਅਤੇ ਉਸ "ਇਕ ਵਿਚ ਪੰਜ ਸ਼ਸਤ੍ਰ" ਨੂੰ ਵੇਖ ਕੇ ਵੀ । ਗੁਰੂ ਮਹਾਰਾਜ ਜੀ ਨੇ ਇਹਨਾ ਸਾਰੀਆਂ ਚੀਜ਼ਾਂ ਨੂੰ ਸਲਾਹਿਆ ਤਾਂ ਰਤਨ ਰਾਏ ਨੇ ਸਿਰ ਨਿਵਾ ਕੇ ਕਿਹਾ, 'ਮੇਰੀ ਇਕ ਬੇਨਤੀ ਹੈ ਕਿ ਇਨ੍ਹਾਂ ਚੀਜ਼ਾਂ ਨੂੰ ਆਪਣੇ ਕੋਲ ਹੀ ਰੱਖਣਾ, ਕਿਸੇ ਹੋਰ ਨੂੰ ਨਾ ਦੇਣਾ ।"

ਗੁਰੂ ਮਹਾਰਾਜ ਜੀ ਉਸ ਦਾ ਭਾਵ ਜਾਣ ਗਏ । ਮੁਸਕਰਾ ਕੇ ਕਹਿਣ ਲਗੇ, "ਇਵੇਂ ਹੀ ਹੋਵੇਗਾ ਰਤਨ ਰਾਏ ! ਤੇਰੇ ਪਿਆਰ ਦਾ ਅਪਮਾਨ ਨਹੀਂ ਹੋਵੇਗਾ । "

ਰਤਨ ਰਾਏ ਪੰਜ ਮਹੀਨੇ ਅਨੰਦਪੁਰ ਵਿੱਚ ਰਿਹਾ । ਪੰਜ ਮਹੀਨੇ ਮਗਰੋਂ ਆਸਾਮ ਨੂੰ ਪਰਤਣ ਲਗਿਆਂ ਗੁਰੂ ਮਹਾਰਾਜ ਜੀ ਦੀ 'ਮੋਹਣੀ ਸੂਰਤ ਉਸ ਦੀਆਂ ਅੱਖਾਂ ਵਿੱਚ ਰਮੀ ਹੋਈ ਸੀ । ਇਸ ਤੋਂ ਵੱਧ ਪਿਆਰੀ ਅਤੇ ਦਿਲ ਖਿਚਵੀਂ ਸੂਰਤ ਉਸ ਨੇ ਦੇਖੀ ਨਹੀਂ ਸੀ ਕਦੀ ।

*('ਯੁਗ ਪੁਰਸ਼' 'ਚੋਂ ਧੰਨਵਾਦ ਸਹਿਤ)*



www.AKJ.Org

# ਸਿੱਖ ਧਰਮ ਵਿੱਚ ਅਰਦਾਸ ਦੀ ਮਹਾਨਤਾ

ਅਰਦਾਸ ਫ਼ਾਰਸੀ ਦੇ ਅਰਜ਼, ਦਾਸਤ ਤੋਂ ਬਣਿਆ ਹੈ । ਅਰਜ਼ ਦਾ ਅਰਥ ਹੈ ਬੇਨਤੀ ਅਤੇ ਦਾਸਤ ਦਾ ਅਰਥ ਹੈ ਰੱਖਣਾ, ਭਾਵ ਬੇਨਤੀ ਕਰਨੀ । ਪਰ ਸਰਦਾਰ ਕਪੂਰ ਸਿੰਘ ਨੇ ਲਿਖਿਆ ਹੈ ਕਿ ਅਰਦਾਸ ਸੰਸਕ੍ਰਿਤ ਦੇ ਸ਼ਬਦ ਅਰਦ-ਆਸ ਤੋਂ ਬਣਿਆ ਹੈ, ਜਿਸ ਦੇ ਅਰਥ ਹਨ – 'ਮਨੋਕਾਮਨਾ' ।

ਜਦ ਅਸੀਂ ਅੰਦਰਲੇ ਗਿਆਨ ਤੇ ਰੱਬ ਦੇ ਵਿਸ਼ਵਾਸ ਨਾਲ ਭਰ ਜਾਂਦੇ ਹਾਂ, ਉਸ ਵਕਤ ਮਨ ਦੀ ਇਕ ਖਾਸ ਹਾਲਤ ਹੁੰਦੀ ਹੈ । ਉਸ ਨੂੰ ਪ੍ਰਗਟ ਕਰਨ ਲਈ ਜੋ ਸ਼ਬਦ ਅਸੀਂ ਵਰਤਦੇ ਹਾਂ, ਉਹਨਾਂ ਨੂੰ ਅਰਦਾਸ ਕਹਿੰਦੇ ਹਨ । ਭਾਵੇਂ ਉਹਨਾਂ ਸ਼ਬਦਾਂ ਨੂੰ ਅਸੀਂ ਜ਼ੁਬਾਨ ਦੁਆਰਾ ਪ੍ਰਗਟ ਕਰੀਏ ਜਾਂ ਮਨ ਰਾਹੀਂ ਚੁੱਪ ਦੇ ਰੂਪ ਵਿੱਚ ।

ਜਿਸ ਤਰ੍ਹਾਂ ਬਾਹਰਲੀ ਸੁੰਦਰਤਾ ਦੀ ਪਰਖ ਲਈ ਮਾਨਸਿਕ ਵਿਕਾਸ ਦੀ ਲੋੜ ਹੈ, ਇਸ ਤਰ੍ਹਾਂ ਆਤਮਕ ਪ੍ਰਕਾਸ਼ ਲਈ ਮਨ ਦਾ ਪਵਿੱਤਰ ਅਤੇ ਨਿਰਮਲ ਹੋਣਾ ਜ਼ਰੂਰੀ ਹੈ । ਅਰਦਾਸ ਮਨ ਨੂੰ ਪਵਿੱਤਰ ਅਤੇ ਨਿਰਮਲ ਕਰਦੀ ਹੈ । ਇਹ ਇਕ ਅੰਦਰਲਾ ਅਹਿਸਾਸ ਹੈ । ਇਕ ਪੱਛਮੀ ਦਾਰਸ਼ਨਿਕ ਹਾਰਕ ਦਾ ਕਥਨ ਹੈ "Prayer is voice of Faith" ਭਾਵ ਪ੍ਰਾਰਥਨਾ ਨਿਸਚੇ ਦੀ ਆਵਾਜ਼ ਹੈ ।

ਅਰਦਾਸ ਵਿੱਚ ਰੱਬ ਦੀ ਰਜ਼ਾ, ਉਸ ਦੀ ਬਖਸ਼ਿਸ਼, ਕਰਮ ਤੁਠਨਾ ਮੰਗੀਦਾ ਹੈ । ਸਿੱਖ ਹਰ ਕਾਰਜ ਦੇ ਆਰੰਭ ਵਿੱਚ, ਜਾਂ ਕਾਰਜ ਦੀ ਸੰਪੂਰਨਤਾ ਪਰ ਧੰਨਵਾਦ ਦੇ ਤੌਰ ਤੇ ਅਰਦਾਸ ਕਰਦਾ ਹੈ । ਅਰਦਾਸ ਕਿਸੇ ਦੇ ਬੁਰੇ ਲਈ ਨਹੀਂ ਸਗੋਂ ਭਲੇ ਲਈ ਕੀਤੀ ਜਾਂਦੀ ਹੈ । ਇਸੇ ਲਈ ਟੈਗੋਰ ਜੀ ਲਿਖਦੇ ਹਨ ਕਿ ਹੇ ਪ੍ਰਮਾਤਮਾ ਮੇਰੀਆਂ ਸਾਰੀਆਂ ਮੰਗਾਂ ਕਬੂਲ ਨਾ ਕਰੀਂ, ਕਿਉਂਕਿ ਮੈਂ ਇਹ ਨਹੀਂ ਜਾਣਦਾ ਕਿ ਜਿਹੜੀਆਂ ਮੰਗਾਂ ਮੈਂ ਮੰਗ ਰਿਹਾ ਹਾਂ, ਉਹ ਮੇਰੇ ਭਲੇ ਵਿੱਚ ਹਨ ਜਾਂ ਬੁਰੇ ਵਿੱਚ ਹਨ।

ਆਪਣੇ ਜੀਵਨ ਨੂੰ ਸੱਚਾ ਤੇ ਸੁੱਚਾ ਬਨਾਉਣ ਲਈ ਪ੍ਰਾਰਥਨਾ ਦੀ ਸਦਾ ਲੋੜ ਹੈ । ਏਅਰਸਨ ਦਾ ਕਥਨ ਹੈ : "God enters by a private door into every Individual." ਭਾਵ-ਵਾਹਿਗੁਰੂ ਹਰੇਕ ਦੇ ਹਿਰਦੇ ਵਿੱਚ ਦਾਖਲ ਹੁੰਦਾ ਹੈ, ਪਰ ਇਕ ਖਾਸ ਰਸਤੇ ਰਾਹੀਂ ਤੇ ਉਹ ਰਸਤਾ ਹੈ ਅਰਦਾਸ । ਅਰਦਾਸ ਨਿਸਚੇ ਦੀ ਆਵਾਜ਼ ਦੇ ਕਹੇ ਹੋਏ ਸ਼ਬਦ ਹੁੰਦੇ ਹਨ।

ਗੁਰਬਾਣੀ ਵਿੱਚ ਅਰਦਾਸ ਦੀ ਮਹਿਮਾ ਐਸੀ ਹੈ । ਸਿੱਖ ਧਰਮ ਦਾ ਨਿਸਚਾ ਹੈ ਸ਼ੁੱਧ ਮਨ ਹੋ ਕੇ ਕੀਤੀ ਅਰਦਾਸ ਪ੍ਰਵਾਨ ਹੁੰਦੀ ਹੈ ।

ਗੁਰ ਫੁਰਮਾਣ : *ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥*
*ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੭੯੫॥*

*ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥੪੭੪॥*
*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥*
*ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥੫੧੯॥*



www.AKJ.Org

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖਿ ਰਾਸਿ ॥*
*ਤਾਕਉ ਬਿਘਨ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸ ॥੭੧੪॥*

*ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥*
*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੮੧੯॥*

*ਮੈ ਤਾਣੁ ਦੀਬਾਣੁ ਤੂਹੈ ਮੇਰਾ ਸੁਆਮੀ ਮੈ ਤੁਧੁ ਆਗੈ ਅਰਦਾਸਿ ॥*
*ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੭੩੫॥*

ਸਿੱਖ ਧਰਮ ਦਾ ਨਿਸਚਾ ਹੈ ਕਿ ਸ਼ੁੱਧ ਮਨ ਹੋ ਕੇ ਕੀਤੀ ਅਰਦਾਸ ਪਰਵਾਨ ਹੁੰਦੀ ਹੈ । ਆਪਣੀਆਂ ਕਮਜ਼ੋਰੀਆਂ ਨੂੰ ਅਨੁਭਵ ਕਰਨਾ ਵਾਹਿਗੁਰੂ ਦੇ ਭਰੋਸੇ ਤੇ ਵਿਸ਼ਵਾਸ ਨਾਲ ਭਰ ਜਾਣ, ਮਨ ਨੂੰ ਸੁਰਜੀਤ ਕਰਨ ਤੇ ਆਤਮਾ ਦੀ ਸੱਚੀ ਕਾਮਨਾ ਦਾ ਨਾਮ ਅਰਦਾਸ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋਏ । ਤਦ ਰਾਇ ਬੁਲਾਰ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਜੀ ਸੁਲਤਾਨਪੁਰ ਲੋਧੀ ਜਾ ਰਹੇ ਹਨ ਤਾਂ ਰਾਇ ਬੁਲਾਰ ਜੀ ਨੇ ਗੁਰੂ ਨਾਨਕ ਜੀ ਦਾ ਪ੍ਰੀਤੀ ਭੋਜਨ ਕੀਤਾ । ਬਚਨ ਕਰਦਿਆਂ ਰਾਇ ਬੁਲਾਰ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਪੁਛਿਆ ਤੁਸੀਂ ਹੁਣ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਫੇਰ ਕਦੋਂ ਦਰਸ਼ਨ ਹੋਣ । ਇਸ ਲਈ ਕੋਈ ਉਪਦੇਸ਼ ਕਰ ਜਾਉ ਜੀ । ਸ੍ਰੀ ਗੁਰੂ ਨਾਨਕ ਜੀ ਨੇ ਰਾਇ ਬੁਲਾਰ ਦਾ ਪ੍ਰੇਮ ਵੇਖ ਕੇ ਉੱਤਰ ਦਿੱਤਾ ਤੇ ਕਿਹਾ ਕਿ ਰਾਇ ਜੀ ਸਾਡੀ ਸਿੱਖਿਆ ਇਹੋ ਹੈ ਕਿ ਜਦ ਤੁਹਾਡਾ ਆਪਣਾ ਬਲ ਕੰਮ ਨਾ ਕਰੇ ਤਾਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਦੇ ਚਰਨੀਂ ਪੈ ਜਾਣਾ ਤੇ ਅਰਦਾਸ ਕਰਨੀ ਵਾਹਿਗੁਰੂ ਸਹਾਇਤਾ ਕਰੇਗਾ ।

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਸਾਖੀ ਆਉਂਦੀ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਅੰਮ੍ਰਿਤ ਵੇਲੇ ਨਾਮ ਸਿਮਰਣ ਵਿੱਚ ਬੈਠੇ ਸਨ । ਅਚਾਨਕ ਕਿਸੇ ਮਾਈ ਦੇ ਘਰੋਂ ਰੋਣ ਦੀ ਆਵਾਜ਼ ਮਹਾਰਾਜ ਦੇ ਕੰਨੀਂ ਪਈ । ਆਪ ਜੀ ਨੇ ਹਜ਼ੂਰੀ ਸਿੱਖ ਭਾਈ ਬਲੂ ਨੂੰ ਪੁੱਛਿਆ,

"ਕਿਉਂ ਭਾਈ ਅੰਮ੍ਰਿਤ ਵੇਲੇ ਕੌਣ ਰੋ ਰਿਹਾ ਹੈ ?"

ਭਾਈ ਬਲੂ ਜੀ ਨੇ ਪਤਾ ਕਰਕੇ ਦੱਸਿਆ, "ਸੱਚੇ ਪਾਤਸ਼ਾਹ ! ਇਕ ਬੁੱਢੀ ਮਾਈ ਦਾ ਇਕਲੌਤਾ ਪੁੱਤਰ ਮਰ ਗਿਆ ਹੈ ਉਹ ਵਿਚਾਰੀ ਪਈ ਰੋਂਦੀ ਕੁਰਲਾਉਂਦੀ ਹੈ" ।

ਤਾਂ ਗੁਰੂ ਜੀ ਨੇ ਕਿਹਾ, "ਭਾਈ ਬਲੂ, ਵਾਹਿਗੁਰੂ ਦਾ ਭਾਣਾ ਤਾਂ ਅਮਿੱਟ ਹੈ । ਉਸ ਨੂੰ ਕੋਈ ਟਾਲ ਨਹੀਂ ਸਕਦਾ, ਪਰ ਜੇ ਗੋਇੰਦਵਾਲ ਵਿੱਚ ਇਸ ਤਰ੍ਹਾਂ ਬਿਰਧ ਮਾਈਆਂ ਦੇ ਬੱਚੇ ਮਰਨ ਲੱਗੇ ਤਾਂ ਉਹਨਾਂ ਦੇ ਰੁਦਨ ਕਰਨ ਨਾਲ ਸਾਡੀ ਸਮਾਧੀ ਰੋਜ਼ ਖੁਲ੍ਹ ਜਾਇਆ ਕਰੇਗੀ । ਅੱਜ ਤੋਂ ਅਸੀਂ ਅਰਦਾਸ ਕਰਦੇ ਹਾਂ :- ਹੇ ਸਰਬ ਸ਼ਕਤੀਮਾਨ ਜਗਤ ਆਧਾਰ ਪਿਤਾ ਜਦ ਤੱਕ ਸਾਡਾ ਜੀਵਨ ਹੈ ਗੋਇੰਦਵਾਲ ਵਿੱਚ ਕਿਸੇ ਮਾਂ ਦਾ ਪੁੱਤਰ ਨਾ ਮਰੇ ਤੇ ਨਾ ਸਾਡੀ ਸਮਾਧੀ ਖੁੱਲ੍ਹੇ" । ਮੁੱਹਸਨ ਫਾਨੀ ਲਿਖਦਾ ਹੈ ਕਿ "ਜਦ ਕਿਸੇ ਸਿੱਖ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਹੈ ਤਾਂ ਉਹ ਗੁਰੂ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਸਿੱਖ ਸੰਗਤ ਪਾਸੋਂ ਅਰਦਾਸ ਕਰਾਉਂਦਾ ਸੀ। ਸਿੱਖਾਂ ਵਿੱਚ ਇਹ ਰਿਵਾਜ ਸੀ ਕਿ ਉਹ ਆਪਣੀ ਅਰਦਾਸ ਕਿਸੇ ਨਿਤਨੇਮੀ ਸਿਆਣੇ ਜੀਵਨ ਵਾਲੇ ਗੁਰਮੁਖ ਕੋਲੋਂ ਕਰਵਾਉਂਦੇ ਸਨ" ।



www.AKJ.Org

ਸਿੱਖਾਂ ਦੀ ਇਹ ਮਨੌਤ ਹੈ ਕਿ ਕਿਸੇ ਦੀ ਇੱਛਾ ਦੀ ਪੂਰਤੀ ਲਈ ਸੰਗਤ ਵਿੱਚ ਜਾ ਕੇ ਯਥਾ-ਸ਼ਕਤ ਭੇਟਾ ਦੇ ਕੇ ਕਿਸੇ ਜੀਵਨ ਵਾਲੇ ਨਿਤਨੇਮੀ ਸਿੰਘ ਤੋਂ ਅਰਦਾਸ ਕਰਾਵੇ ਤਾਂ ਵਾਹਿਗੁਰੂ ਉਸ ਦੀ ਮਨੋਕਾਮਨਾ ਪੂਰੀ ਕਰਦੇ ਹਨ । ਇਥੋਂ ਤੱਕ ਕਿ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਈ ਵਾਰੀ ਸੰਗਤ ਨੂੰ ਬੇਨਤੀ ਕਰਦੇ ਸਨ ਕਿ ਸੰਗਤ ਅਰਦਾਸ ਕਰੇ ਕਿ ਉਹਨਾਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਹੋਣ । ਸਿੱਖ ਨੂੰ ਯਕੀਨ ਹੈ ਕਿ ਸਮੂਹ ਸੰਗਤ ਇਕ ਮਨ ਹੋ ਕੇ ਅਰਦਾਸ ਕਰੇ ਤਾਂ ਕਾਮਨਾ ਪੂਰੀ ਹੁੰਦੀ ਹੈ । ਕਿਉਂਕਿ ਜੁੜੇ ਹੋਏ ਮਨਾਂ ਦੀ ਅਰਦਾਸ ਪੂਰੀ ਸੁਣੀ ਜਾਂਦੀ ਹੈ ।

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਹੀ ਮਰਿਆਦਾ ਕਾਇਮ ਰਹੀ । ਜਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਜੀ ਨੇ ਪੰਜਾਬ ਵਲ ਦੁਸ਼ਟਾਂ ਦਾ ਨਾਸ ਕਰਨ ਵਾਸਤੇ ਤੋਰਿਆ ਤਾਂ ਗੁਰੂ ਜੀ ਨੇ ਉਸ ਨੂੰ ਹੁਕਮ ਕੀਤਾ ਸੀ ਕਿ ਜਦ ਕੋਈ ਭੀੜ ਬਣੇ ਤਾਂ ਪੰਜ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ ਤਾਂ ਭੀੜ ਟਲ ਜਾਵੇਗੀ ਤੇ ਪੂਰਨ ਸਫਲਤਾ ਮਿਲੇਗੀ ।

ਸਿੱਖ ਧਰਮ ਵਿੱਚ ਜਨਮ, ਵਿਆਹ, ਮ੍ਰਿਤਕ, ਸਫਰ ਤੇ ਕਿਸੇ ਜੰਗ ਦੀ ਚੜ੍ਹਾਈ ਸਮੇਂ ਅਰਦਾਸ ਕਰਨੀ ਮੁੱਖ ਮੰਨੀ ਗਈ ਹੈ । ਮਿਸਲਾਂ ਦੇ ਇਤਿਹਾਸ ਵਿੱਚ ਆਉਂਦਾ ਹੈ ਕਿ ਜੱਸਾ ਸਿੰਘ ਰਾਮਗੜ੍ਹੀਆ ਦੀ ਆਹਲੂਵਾਲੀਆ ਨਾਲ ਕੁਝ ਵਿਗੜ ਗਈ । ਉਹ ਪੰਜਾਬ ਛੱਡ ਕੇ ਬਾਂਗਰ ਵੱਲ ਚਲੇ ਗਏ । ਪ੍ਰਦੇਸ਼ ਵਿੱਚ ਉਹਨਾਂ ਨੂੰ ਬਹੁਤ ਤੰਗੀ ਆ ਗਈ । ਇਸ ਪਰ ਸਰਦਾਰ ਜੀ ਨੇ ਅਰਦਾਸ ਕੀਤੀ ਤਾਂ ਖੂਹ ਵਿਚੋਂ ਪਾਣੀ ਕੱਢਣ ਲੱਗਿਆਂ ਮੋਹਰਾਂ ਮਿਲ ਗਈਆਂ, ਤੰਗੀ ਦੂਰ ਹੋ ਗਈ ।

ਬਾਬਾ ਦੀਪ ਸਿੰਘ ਜੀ ਨੇ ਅੰਮ੍ਰਿਤਸਰ ਦੀ ਪਵਿੱਤਰਤਾ ਕਾਇਮ ਰੱਖਣ ਲਈ ਅਰਦਾਸ ਕੀਤੀ ਅਤੇ ਸੀਸ ਦੇ ਕੇ ਨਿਭਾਹ ਦਿੱਤੀ ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਦ ਨੁਸ਼ਹਿਰੇ ਦੀ ਜੰਗ ਲਈ ਚੜ੍ਹਾਈ ਕੀਤੀ ਤਾਂ ਅਗਲੇ ਦਸਤੇ ਦੀ ਕਮਾਨ ਜੱਥੇਦਾਰ ਅਕਾਲੀ ਫੂਲਾ ਸਿੰਘ ਜੀ ਕਰ ਰਹੇ ਸਨ । ਸ਼ੇਰੇ ਪੰਜਾਬ ਨੂੰ ਪਤਾ ਲੱਗਾ ਕਿ ਪਠਾਨੀ ਦਲ ਬਹੁਤ ਹੈ । ਉਸ ਨੇ ਹਮਲਾ ਮੁਲਤਵੀ ਕਰਨਾ ਚਾਹਿਆ ਪਰ ਅਕਾਲੀ ਫੂਲਾ ਸਿੰਘ ਜੀ ਅਰਦਾਸਾ ਸੋਧ ਚੁਕੇ ਸਨ, ਇਸ ਲਈ ਰੋਕਣ ਤੇ ਵੀ ਨਾ ਰੁਕੇ । ਮਹਾਰਾਜਾ ਨੇ ਕਿਹਾ - ਅਕਾਲੀ ਜੀ ਅੱਗੇ ਬਹੁਤ ਖਤਰਾ ਹੈ । ਦੁਸ਼ਮਣ ਭਾਰੀ ਗਿਣਤੀ ਵਿੱਚ ਇਕੱਠਾ ਹੋਇਆ ਹੈ, ਤੁਸੀਂ ਅੱਗੇ ਨਾ ਵਧੋ । ਅਕਾਲੀ ਫੂਲਾ ਸਿੰਘ ਜੀ ਨੇ ਉਤਰ ਦਿੱਤਾ ਕਿ ਅਸੀਂ ਹੁਣ ਅਰਦਾਸਾ ਸੋਧ ਚੁੱਕੇ ਹਾਂ ਹੁਣ ਨਹੀਂ ਰੁਕ ਸਕਦੇ, ਫਤਹਿ ਗੁਰੂ ਜੀ ਨੇ ਬਖਸ਼ਣੀ ਹੈ । ਸਿੱਖ ਦਾ ਅਰਦਾਸ ਉਤੇ ਕਿਤਨਾ ਭਰੋਸਾ ਹੈ ।

ਇਸ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਜੀ ਤੇ ਸਰਦਾਰ ਹਰੀ ਸਿੰਘ ਨਲੂਆ ਸ਼ਹੀਦ ਹੋ ਗਏ ਤਾਂ ਜਦ ਇਹਨਾਂ ਜਰਨੈਲਾਂ ਦੇ ਸ਼ਹੀਦ ਹੋਣ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਪੁੱਜੀ ਤਾਂ ਸ਼ੇਰੇ ਪੰਜਾਬ ਬੜੀ ਤੇਜ਼ੀ ਨਾਲ ਬਹੁਤ ਸਾਰੀ ਫੌਜ ਤਿਆਰ ਕਰਕੇ ਆਪ ਜੰਗ ਲਈ ਚੜ੍ਹਾਈ ਕੀਤੀ। ਰਾਹ ਵਿੱਚ ਅਟਕ ਦਰਿਆ ਬੜੇ ਜੋਸ਼ ਵਿੱਚ ਵਗ ਰਿਹਾ ਸੀ, ਜਿਸ ਨੇ ਕਦੇ ਵੀ ਕਿਸੇ ਨੂੰ ਰਾਹ ਨਹੀਂ ਸੀ ਦਿੱਤਾ, ਪਾਰ ਹੋਣ ਵਿੱਚ ਅਟਕ ਪਾ ਦਿੰਦਾ ਸੀ । ਮਹਾਰਾਜਾ ਰਣਜੀਤ ਸਿੰਘ ਨਾਲ ਸ੍ਰੀਮਾਨ ਬਾਬਾ ਵੀਰ ਸਿੰਘ ਜੀ ਔਰੰਗਾਬਾਦ ਵਾਲੇ ਸਨ, ਜਿੰਨ੍ਹਾਂ ਨੇ ਸ੍ਰੀਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ) ਵਾਲਿਆਂ ਪਾਸੋਂ ਅੰਮ੍ਰਿਤ ਛਕਿਆ ਸੀ । ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਾਬਾ ਵੀਰ ਸਿੰਘ ਜੀ ਨੂੰ ਅਰਦਾਸ ਕਰਨ ਵਾਸਤੇ ਬੇਨਤੀ ਕੀਤੀ ਕਿ ਬਾਬਾ ਜੀ ਅਰਦਾਸ ਕਰੋ ਕਿ ਅਟਕ ਦਰਿਆ ਨੂੰ ਪਾਰ ਕਰ ਸਕੀਏ । ਬਾਬਾ ਵੀਰ ਸਿੰਘ ਜੀ ਨੇ ਅਰਦਾਸ ਕਰਕੇ ਆਪਣਾ ਹਾਥੀ ਦਰਿਆ ਵਿੱਚ ਖੜਾ ਕਰਕੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ, ਦਰਿਆ ਦਾ ਪਾਣੀ ਗੋਡੇ ਗੋਡੇ ਹੋ ਗਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਾਰੀ ਫੌਜ ਪਾਰ ਹੋ ਗਈ । ਬਾਬਾ ਵੀਰ ਸਿੰਘ ਜੀ ਵੀ ਸੁਖਮਨੀ ਸਾਹਿਬ ਦਾ ਭੋਗ ਪਾ ਕੇ ਆਪਣਾ ਹਾਥੀ ਲੈ ਕੇ ਪਾਰ ਹੋ ਗਏ। ਪਰ ਇਕ ਦੋ ਸੌ ਦਾ ਮੁਸਲਮਾਨੀ ਦਸਤਾ ਜਿੰਨ੍ਹਾਂ ਨੂੰ ਅਰਦਾਸ ਤੇ ਭਰੋਸਾ ਨਹੀਂ



www.AKJ.Org

ਸੀ, ਉਹ ਨਾ ਲੰਘਿਆ ਤਾਂ ਬਾਅਦ ਵਿੱਚ ਸੋਚਿਆ ਕਿ ਇਹ ਸਾਰੇ ਲੰਘ ਗਏ ਹਨ ਸਾਨੂੰ ਕੀ ਹੋਵੇਗਾ ? ਜਦ ਇਹ ਸੋਚ ਕੇ ਦਰਿਆ ਵਿੱਚ ਪ੍ਰਵੇਸ਼ ਕੀਤਾ ਤਾਂ ਪਾਣੀ ਚੜ੍ਹ ਗਿਆ ਅਤੇ ਸਾਰਾ ਦੋ ਸੌ ਮੁਸਲਮਾਨੀ ਦਸਤਾ ਰੁੜ੍ਹ ਗਿਆ ਤਾਂ ਬਾਬਾ ਜੀ ਨੇ ਕਿਹਾ ਕਿ ਇਹਨਾਂ ਨੂੰ ਰੁੜ੍ਹ ਜਾਣ ਦਿਉ, ਇਹਨਾਂ ਨੂੰ ਅਰਦਾਸ ਤੇ ਭਰੋਸਾ ਨਹੀਂ ਸੀ । ਉਕਤ ਉਦਾਹਰਨਾਂ ਤੋਂ ਸਿੱਧ ਹੁੰਦਾ ਹੈ ਕਿ ਅਰਦਾਸ ਵਿੱਚ ਕਿੰਨੀ ਵੱਡੀ ਸ਼ਕਤੀ ਹੈ । ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ । ਗੁਰੂ ਵਾਕ ਹੈ :

*ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥*

ਇਕ ਉਰਦੂ ਦੇ ਸ਼ਾਇਰ ਨੇ ਵੀ ਬਹੁਤ ਸੁੰਦਰ ਕਿਹਾ ਹੈ :-

***ਖ਼ੁਦਾ ਮਨਜ਼ੂਰ ਕਰਤਾ ਹੈ, ਦੁਆ ਦਿਲ ਸੇ ਹੋਤੀ ਹੈ ਮੁਸ਼ਕਲ ਤੋ ਯਹੀ ਹੈ ਯੇ ਮੁਸ਼ਕਲ ਸੇ ਹੋਤੀ ਹੈ ।***

ਅਰਦਾਸ ਇਕ ਮਨ ਹੋ ਕੇ ਕਰਨੀ ਬਹੁਤ ਕਠਿਨ ਹੈ । ਜੇ ਹੋ ਜਾਵੇ ਤਾਂ ਖ਼ੁਦਾ ਕਬੂਲ ਪਾਉਂਦਾ ਹੈ ।

*ਭਗਵਾਨ ਸਿੰਘ*

ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ।

## ਸੰਗਤਾਂ ਪ੍ਰਤੀ ਬੇਨਤੀ

ਗੁਰੂ ਪਿਆਰੀਆਂ ਸੰਗਤਾਂ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਆਪ ਜੀ ਦਾ ਹਰਮਨ ਪਿਆਰਾ ਮਾਸਕ-ਪੱਤਰ 'ਸੂਰਾ' ਲਾਗਤ ਕੀਮਤ ਤੋਂ ਬਹੁਤ ਘੱਟ ਭੇਟਾ ਤੇ ਪਰਚਾਰ ਵਾਸਤੇ ਸੰਗਤਾਂ ਨੂੰ ਭੇਜਿਆ ਜਾਂਦਾਂ ਹੈ । ਇਹ ਸਭ ਸੰਗਤਾਂ ਦੇ ਭਰਪੂਰ ਪਿਆਰ ਤੇ ਸਹਿਯੋਗ ਦੇਣ ਨਾਲ ਹੀ ਸੰਭਵ ਹੈ । ਬੇਨਤੀ ਹੈ ਕਿ ਡਾਕ ਅਤੇ ਕਾਗ਼ਜ਼ ਦਾ ਖਰਚਾ ਵਧਣ ਕਾਰਨ ਚੰਦਾ ਵਧਾਉਣਾ ਜ਼ਰੂਰੀ ਹੋ ਗਿਆ ਹੈ । 'ਸੂਰਾ' ਪਰਿਵਾਰ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਗੁਰ-ਸ਼ਬਦ ਦੇ ਲੰਗਰ ਨੂੰ ਜਾਰੀ ਰੱਖਣ ਲਈ ਹੰਭਲਾ ਮਾਰਨ ਦੀ ਲੋੜ ਹੈ । ਦੇਸ਼ ਅਤੇ ਵਿਦੇਸ਼ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਵੱਧ ਤੋਂ ਵੱਧ ਮੈਂਬਰ ਬਨਾਉਣ ਦੀ ਖੇਚਲ ਕਰਨੀ ਜੀ ਅਤੇ ਸੂਰਾ ਸਹਾਇਤਾ ਤੇ ਫ੍ਰੀ ਲਿਟਰੇਚਰ ਫੰਡ ਵਿੱਚ ਦਸਵੰਧ ਦੀ ਮਾਇਆ ਭੇਜ ਕੇ ਆਪਣੀ ਕ੍ਰਿਤ ਕਮਾਈ ਨੂੰ ਸਫਲਾ ਕਰਨਾ ਜੀ ।

## ਆਉਣ ਵਾਲੇ ਸਮਾਗਮ

### ੧੫ ਸਤੰਬਰ, ੨੦੦੧, ਸ਼ਨੀਵਾਰ

ਗੁਰਦੁਆਰਾ ਫਲਾਹੀ ਸਾਹਿਬ, ਜੋ ਕਿ ਲੁਧਿਆਣਾ ਮਲੇਰ ਕੋਟਲਾ ਰੋਡ ਤੇ ਸਥਿਤ ਹੈ । ਇਸ ਸਥਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ । ਸਮਾਗਮ ਤੇ ਪਹੁੰਚਣ ਵਾਸਤੇ ਲੁਧਿਆਣਾ ਤੋਂ ਪਹਿਲੀ ਬੱਸ ਸ਼ਾਮ ੬ ਵਜੇ ਗੁਰਦੁਆਰਾ ਮਾਡਲ ਟਾਊਨ ਤੋਂ ਚੱਲੇਗੀ । ਦੂਸਰੀ ਬੱਸ ਰਾਤ ੯ ਵਜੇ D.M.C. ਚੌਂਕ ਲੁਧਿਆਣਾ ਸ਼ਹਿਰ ਤੋਂ ਚੱਲੇਗੀ। ਵਧੇਰੇ ਪੁੱਛ-ਗਿੱਛ ਲਈ : ***ਭਾਈ ਹਰਬੰਸ ਸਿੰਘ ਜੀ ਫੋਨ : ੪੩੦੮੯੫***

### ੨੯ ਸਤੰਬਰ, ੨੦੦੧, ਸ਼ਨੀਵਾਰ

***ਗੁਰਦੁਆਰਾ ਬਿਬੇਕਸਰ, ਸ੍ਰੀ ਅੰਮ੍ਰਿਤਸਰ*** ਵਿਖੇ ਮਾਸਕ ਰੈਣ ਸਬਾਈ ਕੀਰਤਨ



www.AKJ.Org

## ਖ਼ਬਰਨਾਮਾ

### ਗੁਰਬਾਣੀ ਵਿੱਚ ਰੱਦੋ ਬਦਲ ਦਾ ਕਿਸੇ ਨੂੰ ਅਧਿਕਾਰ ਨਹੀਂ : ਗਿ: ਪੂਰਨ ਸਿੰਘ

ਦਮਦਮਾ ਸਾਹਿਬ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦੀਵਾਨ ਹਾਲ ਭਾਈ ਡੱਲਾ ਜੀ ਵਿਖੇ ਮਹੀਨੇ ਭਰ ਲਈ ਆਯੋਜਿਤ ਕੀਤਾ ਗਿਆ ਗੁਰਬਾਣੀ ਸ਼ੁੱਧ ਪਾਠ-ਬੋਧ ਸਮਾਗਮ ਪੂਰੀਆਂ ਧਾਰਮਕ ਰਸਮਾਂ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਨਿਰਵਿਘਨ ਸਮਾਪਤ ਹੋ ਗਿਆ।

ਇਸ ਮੌਕੇ 'ਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਪੂਰਨ ਸਿੰਘ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਗੁਰਬਾਣੀ ਵਿੱਚ ਸੋਧ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਆਪਣੇ ਪਾਸੋਂ ਕੋਈ ਬਿੰਦੀ ਟਿੱਪੀ ਨਹੀਂ ਲਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਜਦੋਂ ਗੁਰਬਾਣੀ ਦਾ ਉਚਾਰਨ ਕੀਤਾ ਗਿਆ, ਉਸ ਵੇਲੇ ਗੁਰੂ ਸਾਹਿਬਾਨ ਨੇ ਸਭ ਕੁਝ ਸਮਝ ਕੇ ਹੀ ਇਸ ਦੀ ਰਚਨਾ ਕੀਤੀ ਸੀ। ਇਸ ਲਈ ਇਸ ਵਿਚ ਸੋਧ ਨਹੀਂ ਕੀਤੀ ਜਾ ਸਕਦੀ। ਸਟੇਜ ਚਲਾ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸਪੱਸ਼ਟ ਕੀਤਾ ਕਿ ਗੁਰਬਾਣੀ ਵਿਚ ਕਿਸੇ ਨੂੰ ਕੋਈ ਪਰਿਵਰਤਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

### ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਿਦੇਸ਼ਾਂ ਵਿਚ ਵੀ ਹੋਵੇਗੀ

ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਵਿਖੇ ਹੋਈ ਮੀਟਿੰਗ ਨੇ ਵਿਦੇਸ਼ਾਂ ਵਿਚ ਵੱਸਦੇ ਨਾਨਕ ਨਾਮ ਲੇਵਾ ਦੇ ਵਿਸ਼ਵਾਸ ਅਤੇ ਆਸਥਾ ਨੂੰ ਦੇਖਦਿਆਂ ਹੋਇਆਂ ਵਿਦੇਸ਼ਾਂ ਵਿਚ ਵੀ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕਰਾਉਣ ਦਾ ਫੈਸਲਾ ਕੀਤਾ ਹੈ। ਇਹ ਗੱਲ ਕਮੇਟੀ ਦੀ ਮੀਟਿੰਗ ਪਿਛੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸੀ। ਉਨ੍ਹਾਂ ਕਿਹਾ ਕਿ ਅਜਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਦੇ ਮਾਮਲੇ ਨੂੰ ਲੈ ਕੇ ਕੀਤਾ ਗਿਆ ਹੈ। ਜਥੇਦਾਰ ਤਲਵੰਡੀ ਨੇ ਕਿਹਾ ਕਿ ਇੰਗਲੈਂਡ, ਅਮਰੀਕਾ, ਸਿੰਘਾਪੁਰ, ਮਲੇਸ਼ੀਆ ਆਦਿ ਵਿੱਚ ਸਿੱਖਾਂ ਦੀ ਵੱਡੀ ਗਿਣਤੀ ਵੱਸਦੀ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੁਛਾਂ ਦੇਣ ਵਾਲੇ ਬਾਬਿਆਂ ਨੂੰ ਧਰਮ ਪ੍ਰਚਾਰ ਕਮੇਟੀ ਵਲੋਂ ਚਿਤਾਵਨੀ

ਅੰਮ੍ਰਿਤਸਰ : ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁ: ਪ੍ਰਬੰ: ਕਮੇਟੀ ਵੱਲੋਂ ਤਾਂਤਰਿਕਾਂ, ਅਖੌਤੀ ਬਾਬਿਆਂ ਦੇ ਡੇਰੇਦਾਰਾਂ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੁੱਛਾਂ ਦੇਣ, ਧਾਗੇ ਤਵੀਤ ਕਰਨ ਤੇ ਚੌਕੀਆਂ ਆਦਿ ਭਰਨ ਵਰਗੀਆਂ ਕੋਝੀਆਂ ਕਾਰਵਾਈਆਂ ਦਾ ਸਖਤ ਨੋਟਿਸ ਲਿਆ ਗਿਆ ਹੈ।

### ਮਾਹਾਰਾਜਾ ਰਣਜੀਤ ਸਿੰਘ ਦੀ ਬਰਸੀ ਲਾਹੌਰ ਵਿਖੇ ਮਨਾਈ ਗਈ

ਅੰਮ੍ਰਿਤਸਰ : ਸ਼ੇਰੇ ਪੰਜਾਬ ਰਣਜੀਤ ਸਿੰਘ ਦੀ ਸਾਲਾਨਾ ਬਰਸੀ ਲਾਹੌਰ (ਪਾਕਿਸਤਾਨ) ਵਿਖੇ ਮਨਾਉਣ ਲਈ ਭਾਰਤ ਬਰ ਦੇ ਕਰੀਬ ਪੰਜ ਸੌ ਸਿੱਖ ਯਾਤਰੀਆਂ ਦਾ ਜੱਥਾ ਪੰਥ ਦੇ ਨਾਮਵਰ ਢਾਡੀ ਅਤੇ ਸ਼੍ਰੋਮਣੀਗੁ: ਪ੍ਰ: ਕਮੇਟੀ ਦੇ ਮੈਂਬਰ ਸ.


www.AKJ.Org

ਬਲਦੇਵ ਸਿੰਘ ਐਮ.ਏ. ਦੀ ਅਗਵਾਈ ਹੇਠ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਰਵਾਨਾ ਹੋਇਆ । ਜੋ ਪਾਕਿਸਤਾਨ ਵਿਖੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਾਲਾਨਾ ਯਾਦ ਮਨਾਉਣ ਤੋਂ ਇਲਾਵਾ ਸ੍ਰੀ ਨਨਕਾਣਾ ਸਾਹਿਬ ਵਿਚਲੇ ਇਤਿਹਾਸਕ ਗੁਰਧਾਮਾਂ, ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ, ਗੁ: ਸ੍ਰੀ ਪੰਜਾ ਸਾਹਿਬ ਅਤੇ ਲਾਹੌਰ ਵਿਖੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਉਪਰੰਤ ਵਾਪਸ ਭਾਰਤ ਪਰਤ ਆਇਆ ਹੈ । ਜੱਥੇ ਦੇ ਨਾਲ ਉਘੇ ਅਕਾਲੀ ਆਗੂ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਜਥੇਦਾਰ ਕਰਤਾਰ ਸਿੰਘ ਟੱਕਰ ਬਤੌਰ ਡਿਪਟੀ ਪਾਰਟੀ ਲੀਡਰ ਤੇ ਪ੍ਰਬੰਧਕਾਂ ਵਜੋਂ ਸ: ਹਰਭਜਨ ਸਿੰਘ ਮਨਾਵਾਂ, ਸ: ਰਾਮ ਸਿੰਘ ਪਬਲੀਸਿਟੀ ਵਿਭਾਗ ਤੇ ਸ: ਸੁਖਦੇਵ ਸਿੰਘ ਗਏ ।

## *ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸਿੱਖ ਵੋਟਰ ਦੀ ਪ੍ਰੀਭਾਸ਼ਾ ਸਬੰਧੀ ਟਿੱਪਣੀ*

ਅੰਮ੍ਰਿਤਸਰ : ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਕਮੇਟੀ ਦੇ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੇਸ਼ ਹੋਏ ਬਜਟ ਵਿਚ ਹਰ ਇਕ ਮਦ ਨੂੰ ਸਪੱਸ਼ਟ ਕੀਤਾ ਗਿਆ ਹੈ । ਵਿਦਿਆ ਦੇ ਸਬੰਧ ਵਿਚ ਉਨ੍ਹਾਂ ਨੇ ਕਿਹਾ ਕਿ ਪੇਸ਼ ਹੋਏ ਬਜਟ ਵਿਚ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ (ਬਠਿੰਡਾ) ਦਾ ਜ਼ਿਕਰ ਨਹੀਂ ਕੀਤਾ ਗਿਆ । ਗੁਰੂ ਸਾਹਿਬ ਨੇ ਇਸ ਅਸਥਾਨ ਨੂੰ 'ਗੁਰੂ ਕੀ ਕਾਂਸ਼ੀ' ਹੋਣ ਦਾ ਵਰਦਾਨ ਬਖਸ਼ਿਆ ਹੈ । ਇਸ ਲਈ ਵਿਸ਼ੇਸ਼ ਸਹਾਇਤਾ ਰੱਖਣੀ ਚਾਹੀਦੀ ਹੈ । ਬਿਲਡਿੰਗ ਅਤੇ ਸਟਾਫ ਦੀਆਂ ਤਨਖਾਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ ਨੂੰ ਵੀ ਪੰਜੀ ਤੋਂ ਤੀਹ ਲੱਖ ਰੁਪਏ ਦੀ ਸਹਾਇਤਾ ਦੇਣ ਦੀ ਮੰਗ ਹਾਊਸ ਵਿਚ ਰੱਖੀ । ਉਨ੍ਹਾਂ ਨੇ ਰੁਟੀਨ ਦੀ ਸਹਾਇਤਾ ਤੋਂ ਇਲਾਵਾ ਮਾਇਕ ਹਾਲਤ ਵਿਚ ਕਮਜ਼ੋਰ ਕਾਲਜਾਂ ਨੂੰ ਹੋਰ ਸਹਾਇਤਾ ਦੇਣ ਦੀ ਮੰਗ ਕੀਤੀ ਅਤੇ ਸਿੱਖ ਵੋਟਰ ਦੀ ਪ੍ਰੀਭਾਸ਼ਾ ਸਬੰਧੀ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਸਾਬਤ ਸੂਰਤ ਸਿੱਖ ਜੋ ਦਸਤਾਰ ਸਜਾਉਂਦਾ ਹੈ ਉਹ ਵੋਟ ਪਾਉਣ ਦਾ ਹੱਕ ਰੱਖਦਾ ਹੈ । ਜਿਸ ਨੇ ਗੁਰਦੁਆਰਾ ਸਾਹਿਬ ਦਾ ਮੈਂਬਰ ਬਣਨਾ ਹੈ, ਅੰਮ੍ਰਿਤਧਾਰੀ ਗੁਰਸਿੱਖ ਹੋਣਾ ਚਾਹੀਦਾ ਹੈ । ਇਹ ਸਭ ਕੁਝ ਰਹਿਤ ਮਰਯਾਦਾ ਵਿਚ ਪਹਿਲਾਂ ਹੀ ਦਰਜ ਹੈ ।

## *ਸ: ਸਿਮਰਨਜੀਤ ਸਿੰਘ ਮਾਨ ਵਲੋਂ ਸਿੱਖਾਂ ਦੇ ਕਤਲੇ-ਆਮ ਦੀ ਨਿਖੇਧੀ*

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਹਾਊਸ ਨੂੰ ਸੰਬੋਧਨ ਕਰਦਿਆਂ ਸ: ਸਿਮਰਨਜੀਤ ਸਿੰਘ ਮਾਨ ਨੇ ਬਜਟ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਜਟ ਬਹੁਤ ਹੀ ਧਿਆਨ ਤੇ ਖਿਆਲ ਨਾਲ ਬਣਾਇਆ ਗਿਆ ਹੈ, ਜਿਸ ਨਾਲ ਮੈਂ ਸਹਿਮਤ ਹਾਂ । ਉਨ੍ਹਾਂ ਕਸ਼ਮੀਰ ਵਿਚ ਘੱਟ ਗਿਣਤੀ ਸਿੱਖਾਂ ਪੁਰ ਹੋ ਰਹੇ ਜ਼ੁਲਮ (ਕਤਲੇਆਮ) ਦੀ ਨਿਖੇਧੀ ਕੀਤੀ । ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਖੋਲ੍ਹੇ ਜਾਣ ਲਈ ਜਥੇਦਾਰ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਜੀ ਵਲੋਂ ਕੀਤੇ ਗਏ ਫੈਸਲੇ ਦੀ ਪ੍ਰਸੰਸਾ ਕੀਤੀ । ਆਪਣੀ ਸਪੀਚ ਜਾਰੀ ਰੱਖਦਿਆਂ ਉਨ੍ਹਾਂ ਕਿਹਾ ਕਿ ਜਥੇਦਾਰ ਟੌਹੜਾ ਵਲੋਂ ਦਿੱਤੀਆਂ ਗਈਆਂ ਤਜਵੀਜ਼ਾਂ ਸਵੀਕਾਰ ਕਰਨੀਆਂ ਚਾਹੀਦੀਆਂ ਹਨ । ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਸਮੇਂ ਸਿਰ ਕਰਾਉਣ ਲਈ ਵੀ ਸੁਝਾਉ ਦਿੱਤਾ । ਉਨ੍ਹਾਂ ਸਿੱਖ ਵੋਟਰ ਦੀ ਪਰੀਭਾਸ਼ਾ ਦੇ ਨਾਲ-ਨਾਲ ਮੈਂਬਰ ਦੀ ਪ੍ਰੀਭਾਸ਼ਾ ਬਦਲਣ ਦੀ ਵੀ ਗੱਲ ਕੀਤੀ ।

◇◇◇



www.AKJ.Org

## ਡੋਨੇਸ਼ਨ ਅਤੇ ਲਾਈਫ ਮੈਂਬਰਸ਼ਿਪ

| | | |
|---|---|---|
| ੧. | ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੈਰੋਂ )ਅੰਮ੍ਰਿਤਸਰ) | ੧੦੦੦/- ਰੁਪਏ |
| ੨. | ਮਿਸ ਗੁਰਮੀਤ ਸੇਖੋਂ (ਪੀ.ਈ.ਐਸ.) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੈਰੋਂ (ਅੰਮ੍ਰਿਤਸਰ) | ੧੦੦੦/- ਰੁਪਏ |
| ੩. | ਕੁਲਦੀਪ ਸਿੰਘ ਸੈਕਟਰੀ (ਸਪੁੱਤਰ ਸ: ਗਿਆਨ ਸਿੰਘ) ਪੱਤੀ ਸਾਉ ਕੀ, ਪਿੰਡ ਕੈਰੋਂ ਤਹਿਸੀਲ ਪੱਟੀ, ਜ਼ਿਲਾ ਅੰਮ੍ਰਿਤਸਰ | ੧੦੦੦/- ਰੁਪਏ |
| ੪. | ਉੱਜਲ ਦਤਾਰ ਸਿੰਘ (ਸਪੁੱਤਰ ਸ: ਹਰਨਾਮ ਸਿੰਘ) ਪਿੰਡ ਅਤੇ ਡਾਕ: ਕੈਰੋਂ, ਨਜ਼ਦੀਕ ਰੇਲਵੇ ਸਟੇਸ਼ਨ, ਤਹਿ: ਪੱਟੀ, ਜ਼ਿਲਾ ਅੰਮ੍ਰਿਤਸਰ | ੧੦੦੦/- ਰੁਪਏ |
| ੫. | ਮਾਸਟਰ ਗੁਰਬਖਸ਼ ਸਿੰਘ (ਸਪੁੱਤਰ ਸ: ਲਛਮਣ ਸਿੰਘ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੈਰੋਂ, ਤਹਿ: ਪੱਟੀ ਜ਼ਿਲਾ ਅੰਮ੍ਰਿਤਸਰ | ੧੦੦੦/- ਰੁਪਏ |
| ੬. | ਸ: ਜਸਬੀਰ ਸਿੰਘ ਡਿੰਪਾ, ਪ੍ਰਧਾਨ ਯੂਥ ਕਾਂਗਰਸ, ਰਈਆ | ੧੦੦੦/- ਰੁਪਏ |
| ੭. | ਡਾ: ਹੰਸਾ ਸਿੰਘ, ਪਿੰਡ ਅਤੇ ਡਾਕ: ਮੀਰਾਂਕੋਟ ਕਲਾਂ, ਅੰਮ੍ਰਿਤਸਰ | ੧੦੦੦/- ਰੁਪਏ |
| ੮. | ਸ: ਗੁਰਦੀਪ ਸਿੰਘ ਭੁੱਲਰ, ਪਲਾਟ ਨੰ: ੬੦, ਕੋਟ ਸਾਲਿਗ ਰਾਮ, ਪੁਰਾਣੀ ਚੁੰਗੀ, ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ | ੧੦੦੦/- ਰੁਪਏ |
| ੯. | ਡਾ: ਸ਼ਮਸ਼ੇਰ ਸਿੰਘ ਕੋਹਰੀ, ਪਿੰਡ ਬੂਆ ਨੰਗਲੀ, ਅੰਮ੍ਰਿਤਸਰ | ੧੦੦੦/- ਰੁਪਏ |
| ੧੦ | ਡਾ: ਓਂਕਾਰ ਸਿੰਘ ਬੁੱਟਰ, ੫੮੫, ਬਸੰਤ ਐਵੀਨਿਊ, ਅੰਮ੍ਰਿਤਸਰ | ੧੦੦੦/- ਰੁਪਏ |
| ੧੧. | ਡਾ: ਪਾਲ ਸਿੰਘ, ਪਿੰਡ ਅਤੇ ਡਾਕ: ਤੁੰਗ ਬਾਲਾ, ਜ਼ਿਲਾ ਅੰਮ੍ਰਿਤਸਰ | ੧੦੦੦/- ਰੁਪਏ |

## ਲਾਈਫ ਮੈਂਬਰਸ਼ਿਪ

| | | |
|---|---|---|
| ੧. | ਸ: ਦਲਬੀਰ ਸਿੰਘ, ਅਬੂ - ਦੁਬਈ (ਯੂ.ਏ.ਈ.) | ੪੦੦/- ਰੁਪਏ |
| ੨. | ਸ: ਨਰਿੰਜਨ ਸਿੰਘ ਗੁੰਥੀ, ਸ੍ਰੀ ਪਾਉਂਟਾ ਸਾਹਿਬ | ੪੦੦/- ਰੁਪਏ |
| ੩. | ਸ: ਹਰਬੰਸ ਸਿੰਘ ਸੱਗੂ, ਚੰਡੀਗੜ੍ਹ | ੪੦੦/- ਰੁਪਏ |
| ੪. | ਸ: ਸੁਖਪ੍ਰੀਤ ਸਿੰਘ ਮੱਧੀਆਂ, ਫਤਹਿਗੜ੍ਹ | ੪੦੦/- ਰੁਪਏ |
| ੫. | ਸ: ਗੁਰਮੇਜ ਸਿੰਘ ਸਪੁੱਤਰ ਸ: ਗੁਰਦਿੱਤ ਸਿੰਘ, ਸੈਦੇਪੁਰਵਾ, ਨਗੀਸਾਂ (ਯੂ.ਪੀ.) | ੪੦੦/- ਰੁਪਏ |
| ੬. | ਸ: ਦੀਦਾਰ ਸਿੰਘ (ਸਪੁੱਤਰ ਸ: ਹਜ਼ਾਰਾ ਸਿੰਘ), ਕਪੂਰਥਲਾ | ੪੦੦/- ਰੁਪਏ |

www.AKJ.Org

**ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ !**

**ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ**

**ਹੈੱਡ ਕੁਆਰਟਰ, ਅਖੰਡ ਕੀਰਤਨੀ ਜੱਥਾ, ਰੇਲਵੇ ਕਾਲੋਨੀ, ਬੀ-ਬਲਾਕ, ਅੰਮ੍ਰਿਤਸਰ । ਫੋਨ : 546320**

ਲੁਧਿਆਣਾ :
1. ਭਾ: ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ (ਨੇੜੇ ਸਭਾਨੀ ਬਿਲਡਿੰਗ), ਲੁਧਿਆਣਾ ਫੋਨ 730604
2. ਬੀਬੀ ਲਖਵਿੰਦਰ ਕੌਰ, 12-I, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ।
3. ਭਾਈ ਰਵਿੰਦਰ ਸਿੰਘ ਕਾਕਾਰਾਂ ਵਾਲੇ, ਗੁਰਦੁਆਰਾ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ । ਫੋਨ : 429987 PP

ਫਗਵਾੜਾ : ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਫੋਨ 68307

ਚੰਡੀਗੜ੍ਹ -ਮੁਹਾਲੀ : ਭਾਈ ਗੁਰਚਰਨ ਸਿੰਘ ਮਕਾਨ ਨੰਬਰ 236, ਵਾਰਡ ਨੰ: 1, ਚੰਡੀਗੜ੍ਹ ਰੋਡ, ਖਰੜ । ਖਰੜ ਮੁਰਿੰਡਾ ਫੋਨ ਨੰ: 01888-46036

ਕਪੂਰਥਲਾ : ਬੀਬੀ ਜਸਵਿੰਦਰ ਕੌਰ ਜੀ, ਮੁੱਖ ਸੇਵਾਦਾਰ ਕਪੂਰਥਲਾ, ਪਿੰਡ ਧਾਲੀਵਾਲ ਬੇਟ ਕਪੂਰਥਲਾ ।

ਪਟਿਆਲਾ : ਭਾ: ਸੁਲੱਖਣ ਸਿੰਘ ਖਾਲਸਾ, ਨਿਸ਼ਾਨ ਸਟੋਰ, ਦੁਕਾਨ ਨੰ: 14-15, ਗੁਰ: ਦੂਖ ਨਿਵਾਰਨ ਬਾਜ਼ਾਰ ਪਟਿਆਲਾ ਫੋਨ : 361415

ਅੰਮ੍ਰਿਤਸਰ : ਭਾਈ ਸਤਨਾਮ ਸਿੰਘ ਚਾਚੋਵਾਲੀ, ਪਿੰਡ ਚਾਚੋਵਾਲੀ ਡਾਕਖ਼ਾਨਾ ਜੈਂਤੀਪੁਰਾ ।

ਜਲੰਧਰ : ਭਾਈ ਹਰਜੀਤ ਸਿੰਘ ਬੈਂਕ ਆਫ਼ ਇੰਡੀਆ, ਸਤਲੁਜ ਮਾਰਕੀਟ, ਨੇੜੇ ਬੱਸ ਸਟੈਂਡ, ਜਲੰਧਰ ਸ਼ਹਿਰ । ਟੈਲੀਫੋਨ ਨੰ: 462065

ਯਮੁਨਾ ਨਗਰ : ਭਾਈ ਇਕਬਾਲ ਸਿੰਘ ਜੀ 536, ਲੋਹਾਰਾ ਗਲੀ, ਜਗਾਧਰੀ । ਫੋਨ : 47341

ਫਿਰੋਜ਼ਪੁਰ : ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਾਜ਼ਾਰ ਨੰਬਰ ਇਕ, ਫਿਰੋਜਪੁਰ ਛਾਉਣੀ ।

ਪਠਾਨਕੋਟ : ਭਾਈ ਹਰਭਜਨ ਸਿੰਘ, ਚੀਫ ਇੰਜੀਨੀਅਰ, ਐਮ.ਈ.ਐਸ., ਪਠਾਨਕੋਟ ।


www.AKJ.Org

ਅੰਬਾਲਾ : 1. ਭਾਈ ਭਗਵਾਨ ਸਿੰਘ ਵੈਦ, 10, ਵੀਨਾ ਐਨਕਲੇਵ, ਨੇੜੇ ਮਿਲਕ ਪਲਾਂਟ, ਬਲਦੇਵ ਨਗਰ, ਅੰਬਾਲਾ ਸ਼ਹਿਰ ।

2. ਭਾਈ ਮਲਕੀਅਤ ਸਿੰਘ ਮਾਰਫ਼ਤ ਸਰਦਾਰ ਕਲਾਥ ਹਾਊਸ, ਪਿੰਡ ਨਨਹੇੜਾ, ਡਾਕ: ਕੁਲਦੀਪ ਨਗਰ, ਅੰਬਾਲਾ ।

ਬਠਿੰਡਾ : ਭਾਈ ਬਘੇਲ ਸਿੰਘ (ਗੋਬਿੰਦ ਸਿੰਘ) 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

ਸਰਹੰਦ : ਭਾਈ ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ । ਫੋਨ ਨੰ: 01763-20760

ਧੂਰੀ : ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ । ਫੋਨ ਨੰ: 621253

ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ, ਗੁਰੂ ਰਾਖਾ ਇੰਟਰਪ੍ਰਾਈਜਿਜ਼, ਪਾਉਂਟਾ ਸਾਹਿਬ (ਹਿਮਾ : ਪ੍ਰ:) ਫੋਨ ਨੰ: 01704-22367 (Residence) 01704-24067

ਬਟਾਲਾ : ਭਾਈ ਹਰਭਜਨ ਸਿੰਘ, ਖ਼ਾਲਸਾ ਲਾਇਬ੍ਰੇਰੀ ਬਟਾਲਾ ।

ਦਿੱਲੀ : 1. ਭਾਈ ਗੁਰਪ੍ਰੀਤ ਸਿੰਘ, 670, ਡਾਕਟਰ ਮੁਖਰਜੀ ਨਗਰ, ਦਿੱਲੀ । ਟੈਲੀਫੋਨ ਨੰ: 7654833

2. ਭਾਈ ਨਰਿੰਦਰਜੀਤ ਸਿੰਘ (ਗਾਮਾ), ਮਕਾਨ ਨੰ: 58-C, 2nd Floor, Stn. II, ਨਿਊ ਮਹਾਂਵੀਰ ਨਗਰ, ਡਾ: ਤਿਲਕ ਨਗਰ, ਨਵੀਂ ਦਿੱਲੀ । Phone : (R) 51555191, (O) 590057, 5449276

ਇੰਗਲੈਂਡ : ਭਾਈ ਹਰਦੀਪ ਸਿੰਘ ਜੀ 218, WEXHAN ROAD SLOUGH BERKS SL25JP TEL. 01753-530624

ਅਮਰੀਕਾ : ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : 1800 722612

ਆਸਟਰੇਲੀਆ : ਭਾਈ ਪ੍ਰਸ਼ੋਤਮ ਸਿੰਘ ਜੀ ਫੋਨ : 0061-69634841

ਨਿਊਜ਼ੀਲੈਂਡ : ਬੀਬੀ ਜਗਦੀਸ਼ ਕੌਰ ਜੀ 81 B, VICTORIA ROAD, PAPA TOE TOE AUCKLAND, NEWZAELAND

ਭਾਈ ਰਿਪੁਦਮਨ ਸਿੰਘ ਮਲਿਕ ਫੋਨ : 180066 30224

ਕੈਨੇਡਾ : ਭਾਈ ਅੰਮ੍ਰਿਤਪਾਲ ਸਿੰਘ, 20, NEW MAN COURT BRAMPTON ONTARIO L6S5TI PHONE : 905-4538219

*ਨੋਟ : ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਅਪਣੇ ਟੈਲੀਫੋਨ ਨੰਬਰ ਲਿਖ ਕੇ ਭੇਜਣ ਜੀ*


www.AKJ.Org



**ਪਹਿਲੇ ਪੰਗਤ ਪਾਛੈ ਸੰਗਤ**

ਮੁਗ਼ਲ ਬਾਦਸ਼ਾਹ ਅਕਬਰ, ਗੋਇੰਦਵਾਲ ਸਾਹਿਬ ਵਿੱਚ ਲੰਗਰ ਛਕਦੇ ਹੋਏ

www.AKJ.Org

R.N.I. No. 12245/66 SURA-September 2001 P.O. Regd. No. PB/0169/2001

ਮਾਸਿਕ ਪੱਤਰ

# ਸੁਰਾ

Sura Monthly

September 2001






ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮੁੱਖੀ ਅਖੰਡ ਕੀਰਤਨੀ ਜਥਾ, ਵੈਸਾਖੀ ਸਮਾਗਮ ਤੇ ਸੰਗਤਾਂ ਨੂੰ ਤੱਤ ਗੁਰਮਤਿ ਦੀ ਸੇਧ ਦਿੰਦੇ ਹੋਏ।

ਭਾਈ ਜੋਰਾਵਰ ਸਿੰਘ ਜੀ (ਬਰਮਿੰਘਮ, U.K. ਵਾਸੀ) ਅੰਖਡ ਕੀਰਤਨੀ ਜਥੇ ਦੀ ਸਰਪ੍ਰਸਤੀ ਹੇਠ ਨਾਮ ਰੱਤੜਾ ਇੰਟਰਨੈਸ਼ਨਲ ਟਰੱਸਟ ਦੇ ਕਨਵੀਨਰ ਵਲੋਂ ਨਿਭਾਈ ਸੇਵਾ ਹਿਤ ਜਥੇਦਾਰ ਸਾਹਿਬ ਤੋ ਸਨਮਾਨ ਪ੍ਰਾਪਤ ਕਰਨ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

www.AKJ.Org